# ਮਿਟੀ ਧੁੰਧੁ ਜਗਿ ਚਾਨਣੁ ਹੋਆ

## ਇਸੇ ਕਲਮ ਤੋਂ

ਨਾਟਕ : ਚਮਕੌਰ ਦੀ ਗੜ੍ਹੀ, ਪੂੰਨਿਆ ਦਾ ਚੰਨ, ਮਸੀਹਾ ਸੂਲੀ ਤੇ ਮੁਸਕ੍ਰਾਇਆ, ਦੇਖ ਕਬੀਰਾ ਰੋਯਾ, ਕਾਮਾਗਾਟਾ ਮਾਰੂ, ਕਲ੍ਹ ਅੱਜ ਤੇ ਭਲਕ, ਹਿੰਦ ਦੀ ਚਾਦਰ, ਕੰਚਨ ਮਾਟੀ, ਸ਼ੌਂਭਾ ਸ਼ਕਤੀ, ਰੱਤਾ ਸਾਲੂ, ਦੱਸ, ਰਾਜਾ ਪੋਰਸ, ਅਨਜੋੜ, ਦੂਰ ਦੁਰਾਡੇ ਸ਼ਹਿਰੋਂ, ਖੇਡਣ ਦੇ ਦਿਨ ਚਾਰ, ਤੇਰਾ ਘਰ ਸੋ ਮੇਰਾ ਘਰ ।

ਇਕਾਂਗੀ : ਜੀਵਨ ਲੀਲ੍ਹਾ, ਸਪਤ ਰਿਸ਼ੀ, ਪੰਜ ਗੀਟੜਾ, ਪੰਚ ਪਰਧਾਨ, ਮੇਰੇ ਚੋਣਵੇਂ ਇਕਾਂਗੀ, ਹਰਚਰਨ ਸਿੰਘ ਦੇ ਚੋਣਵੇਂ ਇਕਾਂਗੀ ਅਤੇ ਮੁੜ੍ਹਕੇ ਦੀ ਖ਼ੁਸ਼ਬੋ ।

ਕਹਾਣੀਆਂ : ਸਿੱਪੀਆਂ, ਨਵੀਂ ਸਵੇਰ ।

ਸੰਪਾਦਨ : ਪੰਜਾਬੀ ਸਾਹਿੱਤ-ਧਾਰਾ, ਪੰਜਾਬੀ ਬਾਤ-ਚੀਤ ।

ਆਲੋਚਨਾ : ਨਾਟਕ-ਕਲਾ, ਪੰਜਾਬੀ ਵਾਰਤਕ ਦਾ ਜਨਮ ਤੇ ਵਿਕਾਸ ।

# ਮਿਟੀ ਧੁੰਧੁ ਜਗਿ ਚਾਨਣੁ ਹੋਆ

ਹਰਚਰਨ ਸਿੰਘ

ਸਿੰਘ ਬ੍ਰਦਰਜ਼
ਮਾਈ ਸੇਵਾਂ, ਅੰਮ੍ਰਿਤਸਰ

ਪਹਿਲੀ ਵਾਰ : ਦਸੰਬਰ ੧੯੬੯

ਦੂਜੀ ਵਾਰ : ਨਵੰਬਰ ੧੯੮੭

ਚਿੱਤਰਕਾਰ : ਦਲੀਪ ਸਿੰਘ ਆਰਟਿਸਟ

ਪ੍ਰਕਾਸ਼ਕ : ਸਿੰਘ ਬ੍ਰਦਰਜ਼
ਮਾਈ ਸੇਵਾਂ, ਅੰਮ੍ਰਿਤਸਰ

ਪ੍ਰਿੰਟਰ : ਬਲਬੀਰ ਸਿੰਘ
ਲਾਕਟ ਪ੍ਰਿੰਟਰਜ਼
ਬਾਬਾ ਭੌੜੀ ਵਾਲਾ, ਅੰਮ੍ਰਿਤਸਰ

ਮੁੱਲ : ੨੦-੦੦ ਰੁਪਏ


ਸ ਮ ਰ ਪ ਣ

ਮਹਾਨ ਆਤਮਾ
ਗੁਰੂ ਨਾਨਕ ਦੇਵ ਜੀ
ਦੀ ਯਾਦ ਨੂੰ

# ਪੂੰਨਿਆ ਦਾ ਚੰਨ

ਹਰਚਰਨ ਸਿੰਘ ਲਿਖਤ

ਪਾਪੋ ਦਾ ਵਰਤਿਆ ਵਰਤਾਰਾ ।
—ਭਾ: ਗੁਰਦਾਸ

ਇਸ ਨਾਟਕ ਵਿਚ
ਉਸ ਸਮੇਂ ਹੋ ਰਹੇ ਜ਼ੋਰ - ਜ਼ੁਲਮ ਵਿਰੁੱਧ
ਹੱਕ ਦਾ ਨਾਹਰਾ ਮਾਰਨ ਵਾਲੇ ਕਾਮਲ ਪੁਰਸ਼
ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਹੁੰਦਾ
ਵਿਖਾਇਆ ਹੈ ।

ਲਬੁ ਪਾਪੁ ਦੁਇ ਰਾਜਾ ਮਹਤਾ
ਕੂੜੁ ਹੋਆ ਸਿਕਦਾਰ ।
ਕਾਮੁ ਨੇਬੁ ਸਦਿ ਪੁਛੀਐ
ਬਹਿ ਬਹਿ ਕਰੇ ਬੀਚਾਰੁ ।
ਅੰਧੀ ਰਯਤਿ ਗਿਆਨ ਵਿਹੂਣੀ
ਭਾਹਿ ਭਰੇ ਮੁਰਦਾਰੁ ।
—ਮ: ੧, ਆਸਾ ਦੀ ਵਾਰ

ਵਿਸ਼ੇਸ਼ ਸੂਚਨਾ :

ਇਸ ਨਾਟਕ ਨੂੰ ਖੇਡਣ ਲਈ ਨਾਟਕਕਾਰ ਦੀ ਲਿਖਤੀ ਆਗਿਆ ਲੈਣੀ ਜ਼ਰੂਰੀ ਹੈ। ਹੇਠ ਲਿਖੇ ਪਤੇ ਤੇ ਚਿੱਠੀ-ਪੱਤਰ ਕਰੋ—

ਡਾਕਟਰ ਹਰਚਰਨ ਸਿੰਘ

1048/15-ਬੀ, ਚੰਡੀਗੜ੍ਹ

## ਪਾਤਰ

[ਪ੍ਰਵੇਸ਼ ਕਰਮ ਅਨੁਸਾਰ]

| | |
|---|---|
| ਢੰਡੋਰਚੀ | ਜਮੂਰਾ |
| ਕਰਮਚਾਰੀ | ਨੂਰਸ਼ਾਹ |
| ਜੁਲਾਹਾ | ਸਪੇਰਾ |
| ਵਪਾਰੀ | ਮੰਤਰੀ |
| ਅਮਲੀ | ਰਾਜਾ |
| ਗਣੇਸ਼ | ਗਲੀ |
| ਇਕ ਇਸਤ੍ਰੀ | ਰਾਣੀ |
| ਇਕ ਮਰਦ | ਦਰਬਾਨ |
| ਬੰਦਾ | ਚੋਰ |
| ਔਰਤ | ਚਾਰ ਜੋਗੀ |
| ਮੋਹਨੀ | ਪ੍ਰੋਹਤ |
| ਕਾਮਨੀ | ਪਿਆਦਾ |
| ਮਦਾਰੀ | ਭਾਈ ਭੂਮੀਆ |

ਕੁਝ ਹੋਰ ਬੰਦੇ

ਇਹ ਨਾਟਕ ਪਹਿਲੀ ਦਫ਼ਾ ਪੰਜਾਬ ਕਲਾ-ਮੰਚ ਵਲੋਂ ਸ੍ਰੀ ਹਰਪਾਲ ਟਿਵਾਣਾ ਦੀ ਨਿਰਦੇਸ਼ਨਾ ਹੇਠ ਸ਼ਨਮੁਖ ਨੰਦਾ ਹਾਲ ਬੰਬਈ ਵਿਚ 18 ਨਵੰਬਰ 1969 ਨੂੰ ਖੇਡਿਆ ਗਿਆ। ਨਰਿੰਦਰ ਟਿਵਾਣਾ ਨੇ ਇਸ ਵਿਚ ਨੂਰਸ਼ਾਹ ਦਾ ਰੋਲ ਅਦਾ ਕੀਤਾ।

ਪਰਦਾ ਉਠਣ ਤੋਂ ਪਹਿਲਾਂ

## ਪਾਠਕਾਂ ਨਾਲ ਦੋ ਗੱਲਾਂ

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪੰਜ-ਸੌਵਾਂ ਪ੍ਰਕਾਸ਼-ਉਤਸਵ ਪੰਜਾਬੀ ਨਾਟਕ ਅਤੇ ਰੰਗ-ਮੰਚ ਦੇ ਇਤਿਹਾਸ ਵਿਚ ਇਕ ਉਤਸ਼ਾਹ ਭਰਿਆ ਮੋੜ ਹੈ। ਇਸ ਅਵਸਰ ਲਈ ਮਹਾਨ ਗੁਰੂ ਦੇ ਉਦੇਸ਼ ਅਤੇ ਜੀਵਨ ਦੁਆਲੇ ਦਰਜਨ ਤੋਂ ਵਧ ਨਾਟਕ ਰਚੇ ਗਏ ਹਨ। ਅੱਧੀ ਦਰਜਨ ਤੋਂ ਵਧ ਉਨ੍ਹਾਂ ਵਿਚੋਂ ਮੰਚ ਉਤੇ ਖੇਡੇ ਵੀ ਗਏ ਹਨ। ਇਸ ਵਿਚ ਖ਼ਾਸ ਹੈਰਾਨੀ ਵਾਲੀ ਕੋਈ ਗੱਲ ਨਹੀਂ। ਗੁਰੂ ਨਾਨਕ ਦੇਵ ਪ੍ਰਤੀ ਹਰ ਪੰਜਾਬੀ ਦਾ ਦਿਲ ਸ਼ਰਧਾ ਤੇ ਪਿਆਰ ਨਾਲ ਭਰਪੂਰ ਹੈ। ਹਰ ਸੂਝਵਾਨ ਪੰਜਾਬੀ ਗੁਰੂ ਦੀ ਪੰਜਾਬ ਅਤੇ ਸਮੁੱਚੀ ਮਨੁੱਖ ਜਾਤੀ ਨੂੰ ਦੇਣ ਅਗੇ ਸਤਿਕਾਰ ਨਾਲ ਸਿਰ ਝੁਕਾਂਦਾ ਹੈ। ਸਭ ਜਾਣਦੇ ਹਨ ਕਿ ਭਾਰਤ ਦੇ ਇਸ ਆਧੁਨਿਕ ਪੈਗੰਬਰ ਦੇ ਆਗਮਨ ਨਾਲ ਭਾਰਤੀ, ਖ਼ਾਸ ਕਰਕੇ ਪੰਜਾਬੀ ਜੀਵਨ ਤੇ ਸਭਿਆਚਾਰ ਵਿਚ ਇਕ ਨਵਾਂ ਨਿਖ਼ਾਰ ਆਇਆ ਸੀ। ਆਪ ਦੀ ਸ਼ਖਸੀਅਤ ਅਤੇ ਇਨਕਲਾਬੀ ਵਿਚਾਰਾਂ ਨੇ ਪੰਜਾਬ ਅੰਦਰ ਨਵੀਂ ਰੂਹ ਅਤੇ ਨਰੋਈ ਜਾਨ ਧੜਕਾਈ ਸੀ। ਇਹੋ ਕਾਰਨ ਹੈ ਕਿ ਆਪ ਦੇ ਜੋਤੀ ਜੋਤ ਸਮਾਉਣ ਦੇ ਵਰ੍ਹੇ ਤੋਂ ਲੈ ਕੇ ਅਜ ਤਕ ਗੁਰੂਆਂ, ਭਗਤਾਂ, ਦਰਬਾਰੀ ਰਬਾਬੀਆਂ, ਕਵੀਆਂ, ਇਤਿਹਾਸ-ਕਾਰਾਂ, ਜੀਵਨੀ-ਕਾਰਾਂ, ਟੀਕਾ-ਕਾਰਾਂ ਆਦਿ ਨੇ ਕਈ ਰੰਗਾਂ ਤੇ ਢੰਗਾਂ ਵਿਚ ਆਪ ਨੂੰ ਸ਼ਰਧਾਂਜਲੀ ਭੇਟ ਕੀਤੀ ਹੈ। ਇਸ ਸਾਲ ਦੇ ਸ਼ੁਭ ਅਵਸਰ ਤੇ ਛਪੀਆਂ ਰਚਨਾਵਾਂ ਦੀ ਗਿਣਤੀ ਕਰਨੀ ਤਾਂ ਬਹੁਤ ਮੁਸ਼ਕਲ ਹੈ।

ਗੁਰੂ ਨਾਨਕ ਦੇਵ ਦੀ ਪੰਚਮ ਜਨਮ ਸ਼ਤਾਬਦੀ ਦੇ ਮੌਕੇ ਤੇ ਨਾਟਕ ਤੇ ਧਰਮ ਦਾ ਪੁਨਰ ਮੇਲ ਪੰਜਾਬ ਅਤੇ ਪੰਜਾਬੀ ਲਈ ਸੁਭਾਗ ਦੀ ਗੱਲ ਹੈ। ਉਹ ਕੱਟੜ-ਪੰਥੀ ਜੋ ਨਾਟਕ ਨੂੰ ਘਟੀਆ ਚੇਟਕ ਸਮਝ ਕੇ ਭੰਡਦੇ ਸਨ, ਇਸ

ਸਾਲ ਅਦਾਕਾਰਾਂ ਨੂੰ ਮੰਚ ਉਤੇ ਮਰਦਾਨੇ, ਜੇ ਰਾਮ, ਭਗੀਰਥ, ਮਨਸੁਖ, ਨੂਰਸ਼ਾਹ, ਭਾਈ ਭੂਮੀਏ ਦੇ ਰੂਪ ਵਿਚ ਦੇਖ ਕੇ ਖ਼ੁਸ਼ ਹੋਏ ਹਨ। ਧਾਰਮਕ ਭਾਵਾਂ ਵਾਲੇ ਲੋਕਾਂ ਦੀ ਨਾਟਕ ਵਲ ਇਹ ਰੁਚੀ ਉਤਸ਼ਾਹ ਭਰਿਆ ਪਰੀਵਰਤਨ ਹੈ। ਹਰਪਾਲ ਟਿਵਾਣਾ ਦਾ ਤਿਆਰ ਕੀਤਾ ਨਾਟਕ 'ਇਤਿਹਾਸ ਜਵਾਬ ਮੰਗਦਾ ਹੈ' ਅਤੇ ਗੁਰਸ਼ਰਨ ਸਿੰਘ ਦਾ 'ਜਿਨ ਸਚੁ ਪਲੈ ਹੋਇ' (ਫੂਲ) ਕਈ ਦਫ਼ਾ ਗੁਰਦਵਾਰਿਆਂ ਦੀ ਚਾਰ-ਦੀਵਾਰੀ ਅੰਦਰ ਖੇਲੇ ਗਏ ਹਨ। ਉਂਞ ਨਾਟਕ ਦਾ ਧਰਮ ਨਾਲ ਇਸ ਭਾਂਤ ਦਾ ਮੇਲ ਕੋਈ ਨਵੀਂ ਗੱਲ ਨਹੀਂ। ਸ਼ੁਰੂ ਵਿਚ ਨਾਟਕ ਧਰਮ ਦਾ ਅੰਗ ਹੀ ਸੀ। ਮੁਢਲੇ ਕਾਲ ਦੇ ਯੂਨਾਨੀ ਨਾਟਕ ਧਰਮ ਨਾਲ ਪੂਰੀ ਤਰ੍ਹਾਂ ਸਬੰਧਤ ਸਨ। ਸਦੀਆਂ ਤੋਂ ਬਾਅਦ ਹੀ ਉਨ੍ਹਾਂ ਨੂੰ ਮੰਦਰਾਂ ਤੋਂ ਬਾਹਰ ਨਿਕਲ ਕੇ ਲੌਕਿਕ ਰੂਪ ਧਾਰਨ ਕਰਨਾ ਪਿਆ। ਭਰਤ ਮੁਨੀ ਦੇ ਨਾਟ-ਸ਼ਾਸਤਰ ਅਨੁਸਾਰ ਮੁਢਲੇ ਭਾਰਤੀ ਨਾਟਕ ਧਾਰਮਿਕ ਮੇਲਿਆਂ ਤੇ ਖੇਡੇ ਜਾਂਦੇ ਸਨ। ਭਾਰਤੀ ਨਾਟਕ ਦਾ ਆਰੰਭ ਸ਼ਿਵ ਤੇ ਵਿਸ਼ਨੂੰ ਆਦਿ ਦੇਵਾਂ ਨਾਲ ਜੋੜਿਆ ਜਾਂਦਾ ਹੈ। ਪੁਰਾਣੇ ਸੰਸਕਾਰਾਂ ਅਧੀਨ ਅਜ ਵੀ ਭਾਰਤੀ ਨਾਟਕ ਖੇਡਣ ਸਮੇਂ ਪਰਦੇ ਪਿਛੇ ਨਟਰਾਜ (ਸ਼ਿਵ) ਦੀ ਪੂਜਾ ਕੀਤੀ ਜਾਂਦੀ ਹੈ।

ਨਾਟਕ ਤੇ ਧਰਮ ਦੇ ਇਸ ਸੁਭਾਗੇ ਮੇਲ ਦਾ ਪ੍ਰਤੱਖ ਪ੍ਰਭਾਵ ਇਹ ਪਿਆ ਹੈ ਕਿ ਸਾਧਾਰਨ ਲੋਕਾਂ ਦੀ ਨਾਟਕ-ਕਲਾ ਬਾਰੇ ਗ਼ਲਤ-ਫ਼ਹਿਮੀ ਦੂਰ ਹੀ ਨਹੀਂ ਹੋਵੇਗੀ, ਸਗੋਂ ਖੇਲ ਵਿਚ ਸੁੱਚਤਾ ਤੇ ਇਖ਼ਲਾਕੀ ਉੱਚਤਾ ਵੀ ਪੈਦਾ ਹੋਵੇਗੀ। ਨਾਟਕ-ਕਲਾ ਦੀ ਉੱਨਤੀ ਲਈ ਮਨ-ਪਰਚਾਵੇ ਦੇ ਅੰਸ਼ਾਂ ਤੋਂ ਬਿਨਾਂ ਗੰਭੀਰ ਤੱਤਾਂ ਦਾ ਹੋਣਾ ਵੀ ਜ਼ਰੂਰੀ ਹੈ।

ਗੁਰੂ ਨਾਨਕ ਦੇਵ ਦਾ ਜੀਵਨ ਘਟਨਾ-ਭਰਪੂਰ ਹੈ। ਇਸ ਵਿਚ ਅਨੇਕਾਂ ਨਾਟਕੀ ਮੌਕੇ ਹਨ। ਇਸ ਵਿਚ ਕਈ ਸੰਪੂਰਨ ਨਾਟਕਾਂ ਜੋਗੀ ਸਮਗਰੀ ਹੈ। ਇਹ ਕੁਝ ਹੁੰਦੇ ਹੋਏ ਇਕ ਨਾਟਕਕਾਰ ਲਈ ਗੁਰੂ ਸਾਹਿਬ ਦੇ ਜੀਵਨ ਦੁਆਲੇ ਖੇਡਣ ਯੋਗ ਨਾਟਕ ਰਚਣਾ ਕਿਉਂ ਕਠਨ ਸਮੱਸਿਆ ਹੈ? ਕਿਉਂਕਿ ਨਾਟਕ ਇਕ ਦਰਸ਼ਨੀ ਕਲਾ ਹੈ। ਇਸ ਵਿਚ ਸਭ ਕੁਝ ਦਰਸ਼ਕਾਂ ਸਾਹਮਣੇ ਹੁੰਦਾ ਦਿਖਾਇਆ ਜਾਂਦਾ ਹੈ। ਨਾਟਕ ਕਿਸੇ ਘਟਨਾ ਦੀ



ਰਿਪੋਰਟ ਹਰਗਿਜ਼ ਨਹੀਂ ਹੁੰਦਾ। ਨਾਇਕ ਜਾਂ ਮੁਖ ਪਾਤਰ ਤੋਂ ਬਿਨਾਂ ਹੋਰ ਕੁਝ ਭਾਵੇਂ ਰਚਿਆ ਜਾ ਸਕੇ ਪਰ ਇਕ ਚੰਗਾ ਨਾਟਕ ਲਿਖਣਾ ਅਸੰਭਵ ਹੈ। ਇਸ ਬੁਨਿਆਦੀ ਮੁਸ਼ਕਲ ਦੇ ਹੁੰਦੇ ਹੋਏ ਪੰਜਾਬੀ ਨਾਟਕਕਾਰਾਂ ਨੇ ਨਾਟਕ ਰਚੇ ਹਨ। ਵਕਤ ਦਸੇਗਾ ਕਿਹੜੇ ਉਨ੍ਹਾਂ ਵਿਚੋਂ ਸਫ਼ਲ ਜਤਨ ਹਨ।

ਪੰਜਾਬੀ ਦੇ ਇਕ ਪ੍ਰਸਿਧ ਨਾਟਕ ਆਲੋਚਕ ਦਾ ਕਹਿਣਾ ਸੀ ਕਿ ਗੁਰੂ ਨਾਨਕ ਦੇਵ ਦੇ ਜੀਵਨ ਬਾਰੇ ਸੰਪੂਰਨ ਨਾਟਕ ਰਚਣਾ ਅਸੰਭਵ ਹੈ। 'ਮਿਟੀ ਧੁੰਧੁ ਜਗਿ ਚਾਨਣੁ ਹੋਆ' ਲਿਖਣ ਲਈ ਮੇਰੇ ਵਾਸਤੇ ਇਹ ਕਥਨ ਇਕ ਟੁੰਬ ਮਾਤਰ ਸੀ। ਖਿੰਡਰੀਆਂ-ਪੁੰਡਰੀਆਂ ਕੁਝ ਝਾਕੀਆਂ ਨੂੰ ਇਕੱਠਾ ਕਰ ਕੇ ਖੇਲ ਤਿਆਰ ਕਰ ਲੈਣਾ ਕਾਫ਼ੀ ਸੌਖਾ ਹੈ, ਪਰ ਤਿੰਨ ਜਾਂ ਚਾਰ ਅੰਕਾਂ ਦਾ ਬਝਵੇਂ ਪ੍ਰਭਾਵ ਵਾਲਾ ਪੂਰਾ ਨਾਟਕ ਘੜਨਾ ਕਠਨ ਘਾਲ ਹੈ।

ਹੱਥਲਾ ਨਾਟਕ ਮੈਂ ਤਿੰਨ ਜਨਮ-ਸਾਖੀਆਂ ਦੇ ਆਧਾਰ ਤੇ ਲਿਖਿਆ ਹੈ। ਭਾਵੇਂ ਗੁਰੂ ਨਾਨਕ ਦੇਵ ਇਸ ਵਿਚ ਜ਼ਾਹਰਾ ਪਾਤਰ ਨਹੀਂ, ਪਰ ਉਨ੍ਹਾਂ ਦੀ ਹੋਂਦ ਨੂੰ ਅਨੁਭਵ ਕਰਾਣ ਦਾ ਪੂਰਾ ਜਤਨ ਕੀਤਾ ਗਿਆ ਹੈ। ਉਨ੍ਹਾਂ ਦੀ ਸ਼ਖ਼ਸੀਅਤ ਅਤੇ ਉਦੇਸ਼ਾਂ ਦਾ ਪ੍ਰਭਾਵ ਦੂਜੇ ਪਾਤਰਾਂ ਰਾਹੀਂ ਪ੍ਰਗਟਾਣ ਦੀ ਕੋਸ਼ਿਸ਼ ਕੀਤੀ ਗਈ ਹੈ।

ਨੂਰਸ਼ਾਹ ਨਿਸਤਾਰਾ ਅਤੇ ਭਾਈ ਭੂਮੀਆ ਦੀਆਂ ਸਾਖੀਆਂ ਸਿਖ ਸੰਸਾਰ ਅੰਦਰ ਕਾਫ਼ੀ ਪ੍ਰਚਲਤ ਹਨ। ਭਾਈ ਵੀਰ ਸਿੰਘ ਨੇ ਇਨ੍ਹਾਂ ਨੂੰ 'ਗੁਰੂ ਨਾਨਕ ਚਮਤਕਾਰ' ਵਿਚ ਲੰਮੇ ਵਿਸਥਾਰ ਨਾਲ ਬਿਆਨਿਆ ਹੈ। ਦੋਵੇਂ ਸਾਖੀਆਂ ਗੁਰੂ ਨਾਨਕ ਦੇਵ ਦੇ ਆਸਾਮ (ਕਾਮ ਰੂਪ). ਦੇ ਦੌਰੇ ਨਾਲ ਸਬੰਧਤ ਹਨ। ਉਥੇ ਹੀ ਗੁਰੂ ਸਾਹਿਬ ਦੀ ਸ਼ਖ਼ਸੀਅਤ ਅਤੇ ਵਿਚਾਰਾਂ ਤੋਂ ਪ੍ਰਭਾਵਤ ਹੋ ਕੇ ਇਕ ਸਥਾਨਕ ਰਾਜਾ ਉਨ੍ਹਾਂ ਦਾ ਸਿਖ ਬਣਿਆ ਸੀ। ਢਾਕੇ ਵਿਚ ਗੁਰੂ ਸਾਹਿਬ ਦੀ ਉਸ ਫੇਰੀ ਦੀ ਯਾਦਗਾਰ ਅਜੇ ਤਕ ਸੁਰੱਖਿਅਤ ਹੈ।

ਕਾਮ ਰੂਪ ਉਨ੍ਹਾਂ ਦਿਨਾਂ ਵਿਚ ਤਾਂਤਰਿਕ ਮਤ ਦਾ ਗੜ੍ਹ ਸੀ। ਸ਼ਕਤੀ ਦਾ ਰੂਪ ਨੂਰਸ਼ਾਹ ਦਾ ਸਾਰੇ ਪੂਰਬੀ ਭਾਰਤ ਵਿਚ ਡਰ-ਭਉ ਮੰਨਿਆ ਜਾਂਦਾ ਸੀ। ਉਸ ਦੇ ਮਾਯਾ-ਜਾਲ ਵਿਚ ਚੰਗੇ ਚੰਗੇ ਨਰ-ਨਾਰੀ ਫਸੇ ਹੋਏ ਸਨ।

ਪਖੰਡੀ ਸਾਧਾਂ ਤੇ ਨਾਥ ਜੋਗੀਆਂ ਨੇ ਧਰਮ ਨੂੰ ਭੋਗ-ਬਿਲਾਸ ਦਾ ਸਾਧਨ ਬਣਾਇਆ ਹੋਇਆ ਸੀ। ਜਹਾਲਤ ਦੇ ਉਸ ਘੁਪ-ਹਨੇਰੇ ਵਿਚ ਗੁਰੂ ਨਾਨਕ ਦੇਵ ਸੱਚ ਦੇ ਸੂਰਜ ਵਾਂਗ ਚਮਕੇ ਸਨ।

ਇਸ ਨਾਟਕ ਦੀ ਵੰਡ ਮੈਂ ਅੰਕਾਂ ਦੀ ਥਾਂ ਝਾਕੀਆਂ ਵਿਚ ਕੀਤੀ ਹੈ। ਉਞ ਇਹ ਨਾਟਕ ਤਿੰਨ ਨਾਟਾਂ ਵਿਚ ਵੀ ਵੰਡਿਆ ਜਾ ਸਕਦਾ ਹੈ।

ਇਸ ਨਾਟਕ ਨੂੰ ਪੇਸ਼ ਕਰਨ ਵਿਚ ਇਕੋ ਵੱਡੀ ਮੁਸ਼ਕਲ ਹੈ। ਇਸ ਵਿਚ ਪਾਤਰਾਂ ਦੀ ਗਿਣਤੀ ੩੦ ਦੇ ਲਗ ਪਗ ਹੈ। ਇਸ ਦਾ ਸੌਖਾ ਹਲ ਤਾਂ ਇਹੋ ਹੈ ਕਿ ਇਕ ਇਕ ਪਾਤਰ ਤੋਂ ਦੋ ਦੋ ਤਿੰਨ ਤਿੰਨ ਰੋਲ ਕਰਵਾਏ ਜਾਣ। ਨਾਟਕ ਦੀ ਸਮਗਰੀ ਸੌਖੀ ਤਰ੍ਹਾਂ ਇਕੱਤਰ ਕੀਤੀ ਜਾ ਸਕਦੀ ਹੈ। ਪੇਸ਼ਕਾਰੀ ਦੀ ਸੁਖੈਨਤਾ ਨੂੰ ਮੁਖ ਰਖਦਿਆਂ ਦੂਜੀ ਅਤੇ ਚੌਥੀ ਝਾਕੀ ਰਾਜ ਮਹੱਲ ਤੋਂ ਬਾਹਰ ਰਖੀ ਗਈ ਹੈ। ਸੁਝਾ ਮਾਤਰ ਰਾਜ ਮਹੱਲ ਦਾ ਇਕ ਕੋਲਾ ਹੀ ਦਿਖਾ ਦੇਣਾ ਕਾਫ਼ੀ ਹੈ। ਆਧੁਨਿਕ ਪੇਸ਼ਕਾਰੀ ਅਨੁਸਾਰ ਤਾਂ ਮੰਚ ਜੜਤ ਅਸਲੋਂ ਸਾਧਾਰਨ ਹੋ ਸਕਦੀ ਹੈ। ਮੰਚ ਦੇ ਵਿਚਕਾਰ ਇਕ ਉੱਚਾ ਥੜਾ ਉਸਾਰ ਲੈਣਾ ਹੀ ਕਾਫ਼ੀ ਹੈ। ਵੱਡੀ ਗੱਲ ਤਾਂ ਅਦਾਕਾਰੀ ਦੀ ਹੈ।

ਇਹ ਨਾਟਕ ਪਹਿਲੀ ਦਫ਼ਾ 13 ਨਵੰਬਰ 1969 ਨੂੰ ਸਨਮੁਖ ਨੰਦਾ ਹਾਲ, ਬੰਬਈ ਵਿਚ ਸਫ਼ਲਤਾ ਨਾਲ ਪੇਸ਼ ਕੀਤਾ ਗਿਆ ਸੀ। ਪੰਜਾਬ ਕਲਾ-ਮੰਚ ਦੇ ਨਿਰਦੇਸ਼ਕ ਸ੍ਰੀ ਹਰਪਾਲ ਟਿਵਾਣਾ ਅਤੇ ਨਰਿੰਦਰ ਟਿਵਾਣਾ ਦਾ ਮੈਂ ਦਿਲੋਂ ਧੰਨਵਾਦੀ ਹਾਂ ਜਿਨ੍ਹਾਂ ਨੇ ਸਾਥੀ ਕਲਾਕਾਰਾਂ ਦੇ ਸਹਿਜੋਗ ਨਾਲ ਇਸ ਨਾਟਕ ਨੂੰ ਸਜੀਵ ਰੂਪ ਪ੍ਰਦਾਨ ਕੀਤਾ ਹੈ। ਮੇਰੇ ਹੋਰ ਨਾਟਕਾਂ ਵਾਂਗ ਇਸ ਨਾਟਕ ਨੂੰ ਵੀ ਸਭ ਤੋਂ ਪਹਿਲਾਂ ਮੇਰੇ ਮੂਲ ਪਾਠਕਾਂ ਤੇ ਆਲੋਚਕਾਂ—ਸਾਥਣ, ਅਮਰ, ਲਾਟਾ, ਜਸਬੀਰ, ਨੀਟੂ ਅਤੇ ਅੰਮ੍ਰਿਤ—ਨੇ ਸੁਣਿਆ ਅਤੇ ਵਿਚਾਰਿਆ। ਅੰਤ ਵਿਚ ਮੈਂ ਆਪਣੇ ਆਦਿ ਮਿੱਤਰ ਸ: ਸੇਵਾ ਸਿੰਘ ਅਤੇ ਸ: ਸਤਿਨਾਮ ਸਿੰਘ ਦਾ ਧੰਨਵਾਦ ਕਰਨਾ ਆਪਣਾ ਜ਼ਰੂਰੀ ਫ਼ਰਜ਼ ਸਮਝਦਾ ਹਾਂ ਜਿਨ੍ਹਾਂ ਨੇ ਇਸ ਨਾਟਕ ਨੂੰ ਸਜੀਲਾ ਰੂਪ ਦਿਤਾ ਹੈ।

ਹਰਚਰਨ ਸਿੰਘ

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ ॥
ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪੇ ਅੰਧੇਰੁ ਪਲੋਆ ॥
ਸਿੰਘ ਬੁਕੇ ਮਿਰਗਾਵਲੀ ਭੰਨੀ ਜਾਇ ਨ ਧੀਰਿ ਧਰੋਆ ॥
ਜਿਥੈ ਬਾਬਾ ਪੈਰ ਧਰੈ, ਪੂਜਾ ਆਸਣੁ ਥਾਪਣਿ ਸੋਆ ॥

—ਭਾਈ ਗੁਰਦਾਸ, ਵਾਰ ੧, ਪਉੜੀ ੨੭

# ਪਹਿਲੀ ਝਾਕੀ

ਘਟਨਾ ਕਾਲ : ੧੫੬੬ ਬਿਕ੍ਰਮੀ, ਮਹੀਨਾ ਫੱਗਣ।

ਸਥਾਨ : ਢਾਕੇ ਦੀ ਇਕ ਬਸਤੀ, ਬੁੱਢੀ ਗੰਗਾ ਦੇ ਖੱਬੇ ਕੰਢੇ।

ਵੇਲਾ : ਸੰਧਿਆ

ਝਾਕੀ :

ਰੰਗ-ਮੰਚ ਦੇ ਖੱਬੇ ਪਾਸੇ (ਦਰਸ਼ਕਾਂ ਦੇ ਪੱਖੋਂ) ਉੱਚੀ ਥਾਂ ਉਤੇ ਇਕ ਸ਼ਿਵਾਲਾ (ਕਾਮਾਖਯ ਦੇਵੀ ਦਾ ਮੰਦਰ ਜਿਸ ਨੂੰ ਯੋਨੀ-ਪੀਠ ਵੀ ਕਹਿੰਦੇ ਹਨ) ਜੋ ਇਲਾਕੇ ਵਿਚ ਜਾਦੂ-ਘਰ ਕਰਕੇ ਪਰਸਿੱਧ ਹੈ। ਸ਼ਿਵਾਲੇ ਦੇ ਵਿਹੜੇ ਵਿਚ ਰੰਗ-ਬਰੰਗੀਆਂ ਝੰਡੀਆਂ ਅਤੇ ਬਾਂਸ ਦਾ ਇਕ ਉੱਚਾ ਝੰਡਾ ਹੈ। ਬਾਹਰਲੀ ਕੰਧ ਉਤੇ ਮੰਤਰ ਜੰਤਰ ਉਲੀਕੇ ਹੋਏ ਹਨ।

ਰੰਗ-ਮੰਚ ਦੇ ਸੱਜੇ ਬੰਨੇ ਇਕ ਸਥਾਨਕ ਰਜਵਾੜੇ ਸੁਧਰ ਸੈਨ ਦੀ ਮਹੱਲ-ਨੁਮਾ ਹਵੇਲੀ ਹੈ, ਜਿਸ ਦੀ ਕੁਰਸੀ ਸ਼ਿਵਾਲੇ ਨਾਲੋਂ ਨੀਵੀਂ ਹੈ।

ਸ਼ਿਵਾਲੇ ਅਤੇ ਹਵੇਲੀ ਦੇ ਪਾੜ ਵਿਚੋਂ ਢਾਕੇ ਦਾ ਸ਼ਹਿਰ ਵਿਖਾਈ ਦਿੰਦਾ ਹੈ। ਦੂਰ ਦਿਸ-ਹੱਦੋਂ ਉਤੇ ਨੀਲੇ ਅਸਮਾਨ ਦੇ ਪਿਛੋਕੜ ਵਿਚੋਂ ਖਜੂਰ ਦੇ ਨਿੱਕੇ ਵੱਡੇ ਦਰੱਖਤ ਉਭਰੇ ਦਿਸਦੇ ਹਨ।

ਪਰਦਾ ਉਠਣ ਤੋਂ ਪਹਿਲਾਂ ਸੰਧਿਆ ਵੇਲਾ ਹੋਣ ਕਾਰਨ ਸੰਖ, ਘੜਿਆਲ ਨਰਸਿੰਘੇ ਆਦਿ ਦੀ ਧੁਨ ਹੈ। ਮੰਦਰਾਂ ਤੇ ਸ਼ਿਵਾਲਿਆਂ ਵਿਚ ਮੰਤਰ ਪੜ੍ਹੇ ਜਾਣ ਦੀ ਅਵਾਜ਼ ਹੈ। ਪਰਦਾ ਉਠਣ ਸਮੇਂ ਰੰਗ-ਮੰਚ ਉਤੇ ਅਨ੍ਹੇਰਾ ਹੈ। ਮਹੱਲ ਦੀ ਇਕ ਮੁਖ ਵਿਚ ਲੱਗੇ ਪੁਰਾਣੇ ਢੰਗ ਦੇ ਚਿਮਨੀ ਵਾਲੇ ਲੈਂਪ ਨੂੰ ਇਕ ਬੰਦਾ ਪੌੜੀ ਲਾ ਕੇ ਜਗਾਉਂਦਾ ਹੈ। ਦੂਜੇ ਪਾਸੇ ਸ਼ਿਵਾਲੇ ਦੇ ਇਕ ਕੋਨੇ ਵਿਚ ਇਕ ਸਾਧੂ ਲਟ ਲਟ ਬਲਦੀ ਮਿਸ਼ਾਲ ਲਿਆ ਕੇ ਗਡਦਾ ਹੈ। ਸੰਖ ਘੜਿਆਲ ਵੱਜਣ ਦੀ ਅਵਾਜ਼ ਲਗਾਤਾਰ ਆ ਰਹੀ ਹੈ।

ਮਿਸ਼ਾਲ ਦੀ ਲੋਅ ਨਾਲ ਸ਼ਿਵਾਲੇ ਤੇ ਹਵੇਲੀ ਵਿਚਕਾਰ ਚੁਰੱਸਤਾ ਦਿਖਾਈ ਦੇਂਦਾ ਹੈ, ਜਿਥੇ ਜਾਦੂ ਟੂਣੇ ਦਾ ਸਾਮਾਨ ਪਿਆ ਹੋਇਆ ਹੈ। ਢਾਕੇ ਦਾ ਸਥਾਨਕ ਰੰਗ ਪੈਦਾ ਕਰਨ ਲਈ ਹੋਰ ਵੀ ਚੀਜ਼ਾਂ ਰੱਖੀਆਂ ਜਾ ਸਕਦੀਆਂ ਹਨ।

ਦੋ ਸੱਜੀਆਂ ਹੋਈਆਂ ਯੁਵਤੀਆਂ ਹੱਥਾਂ ਵਿਚ ਥਾਲੀਆਂ, ਜਿਨ੍ਹਾਂ ਵਿਚ ਆਟੇ ਦੇ ਚੋਮੁਖੀਏ ਦੀਵੇ ਜਗਦੇ ਹਨ, ਮਟਕੀਲੀ ਚਾਲ ਨਾਲ ਸ਼ਿਵਾਲੇ ਦੀਆਂ ਪੌੜੀਆਂ ਚੜ੍ਹਦੀਆਂ ਹਨ। ਪੈਰੀਂ ਪਏ ਘੁੰਘਰੂਆਂ ਤੇ ਚਾਲ-ਢਾਲ ਤੋਂ ਉਹ ਰਾਜ ਨਾਚੀਆਂ ਜਾਪਦੀਆਂ ਹਨ।

ਕੁੱਝ ਚਿਰ ਪਿੱਛੋਂ ਚੁਰੱਸਤੇ ਵਿਚ ਇਕ ਢੰਡੋਰਚੀ ਆ ਕੇ ਪੀਪਾ ਖੜਕਾਉਂਦਾ ਹੈ। ਉਸ ਦੇ ਨਾਲ ਇਕ ਕੁਢੱਬਾ ਜਿਹਾ ਸਰਕਾਰੀ ਕਰਮਚਾਰੀ ਹੈ। ਢੰਡੋਰਾ ਸੁਣ ਕੇ ਲੋਕੀਂ ਇਕੱਠੇ ਹੁੰਦੇ ਹਨ। ਚੁਰੱਸਤੇ ਵਿਚ ਪਏ ਟੂਣੇ ਦੇ ਸਾਮਾਨ ਤੋਂ ਡਰਦੇ ਲੋਕੀਂ ਪਿਛੇ ਹਟ ਕੇ ਖੜੋ ਜਾਂਦੇ ਹਨ।

ਭੀੜ ਵਿਚ ਇਕ ਜੁਲਾਹਾ, ਇਕ ਅਮਲੀ ਅਤੇ ਗੋਗੜ ਵਾਲਾ ਇਕ ਵਪਾਰੀ ਧਿਆਨ ਦੇ ਖ਼ਾਸ ਪਾਤਰ ਹਨ। ਸ਼ਿਵਾਲੇ ਦੀ ਉੱਚੀ ਕੰਧ ਪਿੱਛੇ ਤਿੰਨ ਸਾਧੂ ਵੱਖ ਵੱਖ ਭੇਸਾਂ ਵਿਚ, ਆਣ ਖੜੋ ਹੁੰਦੇ ਹਨ।



ਢੰਡੋਰਚੀ : (ਪੀਪਾ ਖੜਕਾ ਕੇ ਲਮਕਵੀਂ ਅਵਾਜ਼ ਨਾਲ) ਸੁਣੋ ਮਾਈ ਬਾਪ, ਆਮ ਤੇ ਖ਼ਾਸ, ਕੰਨ ਖੋਲ੍ਹ ਕੇ ਸੁਣੋ! ਕਾਮਰੂਪ ਵਿਚ ਵਾਪਰੀ ਭਾਰੀ ਉਪੱਦਰ ਦੀ ਦਾਸਤਾਨ।

ਜੁਲਾਹਾ : ਸੁਣੋ, ਸੁਣੋ, ਭਈ ਕੋਈ ਖ਼ਾਸ ਗੱਲ ਹੈ।

ਕਰਮਚਾਰੀ : (ਹੰਟਰ ਉਘਰ ਕੇ) ਚੁੱਪ ਹੋ ਜਾਓ।

ਢੰਡੋਰਚੀ : ਸੁਣੋ ਮਾਈ ਬਾਪ ਆਮ ਤੇ ਖ਼ਾਸ, ਸਾਡੇ ਪ੍ਰਤਾਪੀ ਰਾਜੇ ਦੇ ਕਲ੍ਹ ਰਾਤ ਚੋਰੀ ਤੇ ਸੀਨਾ-ਜ਼ੋਰੀ ਹੋਈ ਹੈ।

ਕਰਮਚਾਰੀ : (ਡੰਡਾ ਉਘਰ ਕੇ) ਗ਼ੌਰ ਨਾਲ ਸੁਣੋ।

ਢੰਡੋਰਚੀ : ਜਿਹੜਾ ਸ਼ਖਸ਼ ਜ਼ਿੰਦਾ ਚੋਰ ਨੂੰ ਪਕੜਾਏਗਾ, ਭਾਰੀ ਪਦਵੀ ਪਾਏਗਾ, ਜਿਹੜਾ ਚੋਰ ਦੀ ਸੂਹ ਦੇਵੇਗਾ, ਇਨਾਮ ਹਾਸਲ ਕਰੇਗਾ।

ਕਰਮਚਾਰੀ : ਚੋਰ ਕੋਈ ਜ਼ਿਆਦਾ ਹੀ ਛਿਟਿਆ ਹੋਇਆ ਜਾਪਦਾ ਹੈ, ਹੁਸ਼ਿਆਰੀ ਨਾਲ ਹੱਥ ਪਾਉਣਾ।

ਵਪਾਰੀ : (ਲੋਕਾਂ ਨੂੰ ਸੰਬੋਧਨ ਕਰ ਕੇ) ਹੱਦ ਹੋ ਗਈ! ਜੇ ਰਾਜੇ ਦੇ ਚੋਰੀ ਹੋਣ ਲੱਗੀ, ਫੇਰ ਹਮਾਤੜ ਵਪਾਰੀਆਂ ਦਾ ਕਿਆ ਹਾਲ!

ਜੁਲਾਹਾ : ਜ਼ਮਾਨਾ ਪੁੱਠੀ ਚਾਲ ਚਲਣ ਲੱਗ ਪਿਆ।

ਅਮਲੀ : ਭਾਈਆ, ਤੂੰ ਆਪਣੀ ਬੁੱਚਕੀ ਸੰਭਾਲ, ਚੋਰ ਤੇ ਚੰਡਾਲ ਦਾ ਕੋਈ ਵਸਾਹ ਨਹੀਂ ਹੁੰਦਾ।

ਜੁਲਾਹਾ : (ਗੰਢ ਨੂੰ ਘੁਟ ਕੇ ਕੱਛੇ ਮਾਰਦਾ ਹੋਇਆ) ਦਿਨ ਦੀਵੇ ਡਾਕਾ ਪੈ ਜਾਊ?

ਵਪਾਰੀ : (ਅਮਲੀ ਵੱਲ ਸੈਨਤ ਕਰ ਕੇ) ਚੋਰ ਦੇ ਕੋਈ ਸਿੰਗ ਹੁੰਦੇ ਨੇ, ਭੀੜ ਵਿਚ ਈ ਲੁਕੇ ਫਿਰਦੇ ਨੇ।

ਕਰਮਚਾਰੀ : (ਸ਼ਿਵਾਲੇ ਦੀ ਕੰਧ ਵੱਲ ਇਸ਼ਾਰਾ ਕਰ ਕੇ) ਮੈਨੂੰ ਤਾਂ ਉਹ ਗਭਲਾ ਜੋਗੀ ਅਸਲ ਚੋਰ ਲਗਦਾ ਹੈ।

[ਉਹ ਤਿੰਨੇ ਸਾਧ ਝਟ-ਪਟ ਸਿਰ ਲੁਕਾ ਲੈਂਦੇ ਹਨ।]

ਅਮਲੀ : (ਇਕ ਪਾਸੇ ਨੂੰ ਮੂੰਹ ਕਰ ਕੇ) ਚੋਰ ਨੂੰ ਸਭ ਚੋਰ ਹੀ ਦਿਖਾਈ ਦਿੰਦੇ ਐ।

ਕਰਮਚਾਰੀ : (ਸੋਟਾ ਉਘਰ ਕੇ) ਕਿਆ ਬਕਿਆ ਹੈਂ ਤੂੰ?

ਅਮਲੀ : ਮੈਂ ਤਾਂ ਜਨਾਬ ਦੀ ਤਾਰੀਫ਼ ਕਰ ਰਿਹਾਂ, ਪਈ ਬੜੀ ਤਾੜ ਰਖਦੇ ਕਰਮਾਂ ਵਾਲਿਓ. ਕਿਸੇ ਆਹਲਾ ਅਹੁਦੇ ਤੇ ਲੱਗਦੇ ਹੋ।

ਕਰਮਚਾਰੀ : (ਤਿੜ ਕੇ) ਤੈਨੂੰ ਖ਼ਬਰ ਨਹੀਂ, ਮੈਂ ਕੋਤਵਾਲ ਦਾ ਸਾਲਾ ਹਾਂ। ਰਾਜੇ ਦਾ ਖ਼ਾਸ ਅਹਿਲਕਾਰ।

ਅਮਲੀ : (ਮਖ਼ੌਲ ਨਾਲ ਝੁਕ ਕੇ) ਸਲਾਮ ਐ ਸਾਲਾ ਜੀ।

ਕਰਮਚਾਰੀ : (ਮੁੱਛਾਂ ਨੂੰ ਤਾਅ ਦਿੰਦਾ ਹੋਇਆ) ਜੇ ਮੈਂ ਇਹ ਚੋਰੀ ਕਢਵਾਨ ਵਿਚ ਕਾਮਯਾਬ ਹੋ ਗਿਆ ਤਾਂ ਮੇਰੀ ਫ਼ੌਰਨ ਤਰੱਕੀ ਹੋ ਜਾਵੇਗੀ। ਸ਼ਾਇਦ ਮੈਂ ਨਾਇਬ ਕੋਤਵਾਲ ਬਣ ਜਾਵਾਂ।

ਅਮਲੀ : ਫੇਰ ਤੁਸੀਂ ਜ਼ਰੂਰ ਕਿਸੇ ਬੇਗੁਨਾਹ ਨੂੰ ਫੜਾ ਕੇ ਤੁਰਤ ਤਰੱਕੀ ਪਾਓ। ਗ਼ਰੀਬ ਦਾ ਕੀ ਹੈ, ਉਸ ਨੂੰ ਤਾਂ ਕਾਲ-ਕੋਠੜੀ ਵਿਚ ਵੀ ਰੁੱਖੀ ਮਿੱਸੀ ਮਿਲ ਜਾਵੇਗੀ। ਜਨਾਬ ਦਾ ਕੰਮ ਜ਼ਰੂਰ ਰਾਸ ਹੋਣਾ ਚਾਹੀਦਾ ਹੈ।

ਕਰਮਚਾਰੀ : ਤੂੰ ਮੈਨੂੰ ਪੱਕਾ ਚੋਰ ਮਲੂਮ ਹੁੰਦਾ ਹੈਂ।

ਅਮਲੀ : (ਆਪਣੀ ਟੁੱਟੀ-ਫੁੱਟੀ ਫਤੂਹੀ ਵਿਖਾ ਕੇ) ਸਾਲਾ ਸਾਹਿਬ, ਖ਼ੁਦਾ ਤੁਹਾਨੂੰ ਤੁਰਤ ਤਰੱਕੀ ਬਖ਼ਸ਼ੇ, ਜ਼ਰਾ ਗ਼ੌਰ ਫ਼ਰਮਾਓ, ਚੋਰਾਂ ਦੀ ਏਹੋ ਜਿਹੀ ਵਰਦੀ ਹੁੰਦੀ ਹੈ।

ਕਰਮਚਾਰੀ : (ਰੁਹਬ ਨਾਲ) ਹੂੰ! ਬਹੁਤ ਗੱਲਾਂ ਆਉਂਦੀਆਂ ਤੈਨੂੰ।

ਅਮਲੀ : ਚੋਰ ਜਨਾਬ ਨੂੰ ਭੀੜ ਵਿਚੋਂ ਨਹੀਂ ਮਿਲ ਸਕਦਾ। ਚੋਰ ਤਾਂ ਉੱਲੂ ਵਾਂਗ ਦਿਨੇ ਸੌਂਦੇ ਤੇ ਰਾਤੀਂ ਜਾਗਦੇ ਨੇ।

ਕਰਮਚਾਰੀ : (ਨੇੜੇ ਹੋ ਕੇ ਵੇਖਦਾ ਹੋਇਆ) ਤੇਰੀਆਂ ਅੱਖਾਂ ਵਿਚੋਂ ਮੈਨੂੰ ਸਾਰੀ ਰਾਤ ਦਾ ਉਨੀਂਦਰਾ ਦਿਸ ਰਿਹੈ।

ਅਮਲੀ : ਮੇਰੀਆਂ ਅੱਖਾਂ ਵਿਚ ਤਾਂ ਜਨਾਬ ਨੂੰ ਚੋਰ ਦੀ ਮਾਂ ਵੀ ਦਿਖਾਈ ਦਿੰਦੀ ਹੋਣੀ ਏ।

ਕਰਮਚਾਰੀ : (ਹੱਸਦੇ ਲੋਕਾਂ ਨੂੰ ਘੂਰਦਾ ਹੋਇਆ, ਉਸ ਦੀ ਬਾਂਹ ਨੂੰ ਮਰੋੜਾ ਚਾੜ੍ਹਦਾ ਹੈ) ਪੱਕਾ ਢੀਠ ਮਲੂਮ ਹੁੰਦਾ ਹੈ। ਸੱਚ ਸੱਚ ਬੱਕ, ਚੋਰੀ ਤੂੰ ਕੀਤੀ ਹੈ?

ਅਮਲੀ : (ਕਰੜਾਈ ਨਾਲ ਬਾਂਹ ਛੁਡਾ ਕੇ, ਧਮਲਾ ਬਣਦਾ ਹੋਇਆ) ਸਾਲਾ ਸਾਹਿਬ, ਜੇ ਮੇਰੇ ਹੱਥ ਮਾਲ ਲੱਗਾ ਹੁੰਦਾ ਤਾਂ ਮੈਂ ਕਿਸੇ ਚੁਬਾਰੇ ਵਿਚ ਬੈਠਾ ਰੰਗ-ਰਲੀਆਂ ਮਨਾਉਂਦਾ, ਮਿਹਨਤ ਮਜੂਰੀ ਨਾ ਕਰਦਾ ਫਿਰਦਾ। ਸਗੋਂ ਵਾਮ-ਮਾਰਗੀਆਂ ਦੇ ਪੰਥ ਵਿਚ ਰਲ ਕੇ ਐਸ਼-ਇਸ਼ਰਤ ਕਰਦਾ ਤੇ ਬਹਿਸ਼ਤ ਦੇ ਨਜ਼ਾਰੇ ਵੇਖਦਾ!!

ਕਰਮਚਾਰੀ : (ਸੋਚਦਾ ਹੋਇਆ) ਗੱਲ ਇਸ ਦੀ ਵਜ਼ਨਦਾਰ ਹੈ।

ਅਮਲੀ : (ਕਰਮਚਾਰੀ ਨੂੰ ਇਸ਼ਾਰੇ ਨਾਲ) ਔਹ ਸੇਠ ਗਿਆ।

ਕਰਮਚਾਰੀ : (ਵਪਾਰੀ ਨੂੰ ਸੋਟੀ ਨਾਲ ਰੋਕ ਕੇ) ਤੂੰ ਕਿਥੇ ਖਿਸਕ ਚਲਿਆ ਹੈਂ!



ਅਮਲੀ : ਜ਼ਰਾ ਗੋਗੜ ਵੱਲ ਧਿਆਨ ਮਾਰੋ। ਸਭ ਚੋਰੀ ਤੇ ਠੱਗੀ ਦਾ ਮਾਲ ਹੈ।

ਵਪਾਰੀ : (ਗੁੱਸੇ ਨਾਲ) ਪਿੱਛੇ ਹਟ, ਭਿਟ ਨਾ ਦੇਵੀਂ ਮੈਨੂੰ।

ਕਰਮਚਾਰੀ : ਤੂੰ ਮੈਨੂੰ ਮਸ਼ਕੂਕ ਆਦਮੀ ਲਗਦਾ ਹੈਂ।

ਵਪਾਰੀ : ਹੂੰ, ਟੱਕੇ ਦਾ ਨੌਕਰ ਤੇ ਐਨੀਆਂ ਉੱਚੀਆਂ ਗੱਲਾਂ! ਤੇਰਾ ਰਾਜਾ ਵੀ ਮੇਰਾ ਕਰਜ਼ਾਈ ਹੈ। ਦੇਖਦਾ ਰਹੁ ਤੇਰੀ ਅੱਜ ਹੀ ਮੈਂ ਤੁਰਤ ਤਰੱਕੀ ਕਰਾਉਂਦਾ ਹਾਂ। ਸ਼ਰੀਫ਼ ਬੰਦਿਆਂ ਨੂੰ ਤੂੰ ਖ਼ਾਹਮਖ਼ਾਹ ਤੰਗ ਕਰ ਰਿਹਾਂ।

ਕਰਮਚਾਰੀ : (ਡਰ ਨਾਲ ਕੰਬਦਾ ਹੋਇਆ) ਸੇਠ ਜੀ, ਤੁਸੀਂ ਤਾਂ ਖ਼ਾਹਮਖ਼ਾਹ ਗੁੱਸੇ ਹੋ ਗਏ ਓ। ਜਿਸ ਦਾ ਮਾਲ ਚੋਰੀ ਹੋ ਜਾਵੇ ਉਹ ਜਣੇ ਖਣੇ ਉਤੇ ਸ਼ੱਕ ਕਰਦਾ ਹੈ। ਨਾਲੇ ਸਾਡਾ ਪੇਸ਼ਾ ਤਾਂ ਧੁਰ-ਦਰਗਾਹੋਂ ਬਦਨਾਮ ਹੈ। ਅਸੀਂ ਤਾਂ ਸਕੇ ਪਿਉ ਦਾ ਵੀ ਲਿਹਾਜ ਨਹੀਂ ਕਰਦੇ।

ਵਪਾਰੀ : (ਨਫ਼ਰਤ ਨਾਲ) ਹੂੰ! ਇਸ ਜਾਦੂ-ਨਗਰੀ ਵਿਚ ਭਲੇ ਬੁਰੇ ਦੀ ਤਮੀਜ਼ ਹੀ ਨਹੀਂ ਰਹੀ। ਹਨੇਰ ਮਚਿਆ ਹੋਇਆ ਹੈ!

[ਵਹੀ ਤੇ ਛੱਤਰੀ ਸੰਭਾਲ ਕੇ ਜਾਣ ਲਗਦਾ ਹੈ।]

ਕਰਮਚਾਰੀ : ਸੇਠ ਜੀ, ਢੰਡੋਰੇ ਦੇ ਪੂਰੇ ਬੋਲ ਤਾਂ ਸੁਣ ਜਾਓ।

ਅਮਲੀ : ਸ਼ਾਇਦ ਇਸ ਵਿਚੋਂ ਵੀ ਕੋਈ ਮੁਨਾਫ਼ਾ ਹੱਥ ਲੱਗ ਜਾਏ।

[ਵਪਾਰੀ ਅਮਲੀ ਨੂੰ ਘੂਰਦਾ ਹੋਇਆ ਖੜਾ ਹੋ ਜਾਂਦਾ ਹੈ।]

ਕਰਮਚਾਰੀ : (ਢੰਡੋਰਚੀ ਨੂੰ) ਛੇਤੀ ਬੋਲ!

ਢੰਡੋਰਚੀ : (ਪੀਪਾ ਖੜਕਾ ਕੇ) ਸੁਣੋ ਮਾਈ ਬਾਪ, ਆਮ ਤੇ ਖ਼ਾਸ, ਚੋਰ ਨੇ ਸੰਨ੍ਹ ਲਾਈ, ਖ਼ੂਬ ਮਾਲ 'ਕੱਠਾ ਕੀਤਾ, ਪਰ ਸਭ ਕੁਝ ਛਡ-ਛਡਾ ਕੇ ਚਲਾ ਗਿਆ।

ਜੁਲਾਹਾ : ਹੈਂ! ਇਹ ਕਿੱਦਾਂ ਹੋ ਸਕਦਾ?

ਢੰਡੋਰਚੀ : ਸਾਡੇ ਪਰਤਾਪੀ ਰਾਜੇ ਦਾ ਫ਼ਰਮਾਨ ਹੈ ਜੇ ਉਹ ਦਿਲਾਵਰ ਚੋਰ ਆਪਣੇ ਆਪ ਪੇਸ਼ ਹੋ ਜਾਵੇ ਤਾਂ ਮਾਫ਼ ਕੀਤਾ ਜਾਵੇਗਾ। ਜੇ ਫੜਿਆ ਗਿਆ ਤਾਂ ਫਾਂਟ ਖਾਵੇਗਾ। ਸੂਹ ਦੇਣ ਵਾਲੇ ਨੂੰ ਭਾਰੀ ਇਨਾਮ ਦਿੱਤਾ ਜਾਵੇਗਾ।

[ਕਰਮਚਾਰੀ ਤੇ ਢੰਡੋਰਚੀ ਜਾਂਦੇ ਹਨ। ਬਹੁਤ ਸਾਰੇ ਤਮਾਸ਼ਬੀਨ ਵੀ ਉਨ੍ਹਾਂ ਦੇ ਮਗਰ ਚਲੇ ਜਾਂਦੇ ਹਨ।]

ਅਮਲੀ : ਲੋਕੋ, ਸੁਣੀਆਂ ਜੇ ਰਾਜੇ ਦੀਆਂ ਚਾਲਾਂ।

ਜੁਲਾਹਾ : ਐਨਾ ਅਕਲ ਦਾ ਅੰਨ੍ਹਾ ਕਿਹੜਾ ਹੋਊ ਜੋ ਰਾਜੇ ਦੇ ਝਾਂਸੇ ਵਿਚ ਆ ਜਾਊ।

ਅਮਲੀ : ਬਗਲੇ ਨੂੰ ਫੜਨ ਦਾ ਢੰਗ ਪਤੈ ਕੀ ਹੈ ?

ਜੁਲਾਹਾ : ਨਹੀਂ। ਤੂੰ ਦਸ ਦੇ।

ਅਮਲੀ : ਜਦੋਂ ਬਗਲਾ ਅੱਖਾਂ ਬੰਦ ਕਰੀ ਇਕ ਟੰਗ ਭਾਰ ਖੜਾ ਹੋਵੇ ਤਾਂ ਚੁਪ-ਚਾਪ ਜਾ ਕੇ ਉਸ ਦੇ ਸਿਰ ਤੇ ਮੋਮ ਰੱਖ ਦਿਓ। ਮੋਮ ਪਿਘਲ ਕੇ ਉਸ ਦੀਆਂ ਅੱਖਾਂ ਵਿਚ ਪੈ ਜਾਵੇਗਾ, ਬਸ ਫੇਰ ਅਡੋਲ ਫੜ ਲਓ।

[ਸਭ ਲੋਕੀਂ ਹੱਸਦੇ ਹਨ।]

ਜੁਲਾਹਾ : ਕੋਈ ਕੱਚਾ ਚੋਰ ਹੋਣਾ ਏਂ।

ਅਮਲੀ : ਸ਼ਾਇਦ ਉਪਰੋਂ ਕੋਈ ਪਹਿਰੇਦਾਰ ਆ ਗਿਆ ਹੋਵੇ।

ਜੁਲਾਹਾ : ਕਲ੍ਹ ਮੱਸਿਆ ਦੀ ਰਾਤ ਔਂਤਰੀ ਸੀ। ਮੇਰੀ ਖੱਡੀ ਵਿਚ ਵੀ ਚੋਰ ਆ ਵੜਿਆ ਸੀ।

ਅਮਲੀ : (ਝਟ ਪਟ ਕੰਨ ਖੜੇ ਕਰ ਕੇ) ਫੇਰ ਕੀ ਹੋਇਆ ?

ਜੁਲਾਹਾ : ਜੁਲਾਹੀ ਨੇ ਛਿੱਕ ਮਾਰੀ, ਚੋਰ ਛਪਨ ਹੋ ਗਿਆ!

[ਬਾਕੀ ਲੋਕ ਵੀ ਹੱਸਦੇ ਚਲੇ ਜਾਂਦੇ ਹਨ।]

ਅਮਲੀ : ਤੇਰੀ ਜੁਲਾਹੀ ਮਾਈ ਨੂਰਸ਼ਾਹ ਦੀ ਚੇਲੀ ਤਾਂ ਨਹੀਂ ?

ਜੁਲਾਹਾ : ਕਿਤੇ ਕਿਤੇ ਮੱਥਾ ਟੇਕਣ ਜਾਂਦੀ ਤਾਂ ਹੁੰਦੀ ਹੈ।

ਅਮਲੀ : ਫੇਰ ਜ਼ਰੂਰ ਕੋਈ ਇਸ਼ਕ-ਚੋਰ ਹੋਣਾ ਏਂ। ਸ਼ਾਇਦ ਕੋਈ ਚੇਲਾ-ਭਾਈ ਜੁਲਾਹੀ ਨੂੰ ਮਿਲਣ ਆਇਆ ਹੋਵੇ।

ਜੁਲਾਹਾ : (ਸ਼ਿਕਾ ਕਰਦਾ ਹੋਇਆ) ਇਹ ਕਿੱਦਾਂ ਹੋ ਸਕਦੈ!

ਅਮਲੀ : ਜ਼ਰਾ ਅਕਲ ਦੇ ਘੋੜੇ ਦੁੜਾ, ਅੱਧੀ ਰਾਤ ਵੇਲੇ ਨੰਗਾ ਆਇਆ ਹੋਵੇਗਾ ਕਿ ਭੁੱਖਾ ?

ਜੁਲਾਹਾ : (ਸਹਿਜ ਸੁਭਾ) ਫੇਰ ਹੋ ਸਕਦੈ ਰਾਜੇ ਦੇ ਮਹਿਲ 'ਚ ਵੀ ਕੋਈ ਇਸ਼ਕ-ਚੋਰ ਆਇਆ ਹੋਵੇ!

ਅਮਲੀ : ਹਤ ਤੇਰੇ ਦੀ! ਤੂੰ ਰਾਜੇ ਨੂੰ ਬੁਰਾ ਭਲਾ ਕਿਹਾ! ਹੁਣੇ ਤੈਨੂੰ ਹੱਥਕੜੀ ਲਵਾਉਂਦਾ ਹਾਂ।

ਜੁਲਾਹਾ : ਤੂੰ ਕੌਣ ਹੁੰਦਾਂ ਹੱਥ-ਕੜੀ ਲਾਉਣ ਵਾਲਾ।

ਅਮਲੀ : (ਸਖ਼ਤੀ ਨਾਲ ਬਾਹੋਂ ਫੜ ਕੇ) ਹੁਣੇ ਤੈਨੂੰ ਪਤਾ ਲੱਗ ਜਾਊ।

ਜੁਲਾਹਾ : ਭਰਾ, ਮੁਆਫ਼ੀ ਦੇ ਦੇ, ਮੇਰੀ ਜ਼ਬਾਨ ਗੋਤਾ ਖਾ ਗਈ ਸੀ।



ਅਮਲੀ : ਮੈਂ ਤਾਂ ਤੈਨੂੰ ਕੋਤਵਾਲ ਦੇ ਹਵਾਲੇ ਕਰ ਕੇ ਛੱਡੂੰ।

ਜੁਲਾਹਾ : (ਖਹਿੜਾ ਛੁਡਾਣ ਲਈ, ਦਿਲ ਤਕੜਾ ਕਰ ਕੇ) ਓਇ ਜਾ ਪਰ੍ਹਾਂ! ਤੂੰ ਕੌਣ ਹੁੰਦਾਂ ਮੈਨੂੰ ਫੜਾਣ ਵਾਲਾ!

ਅਮਲੀ : (ਫਤੂਹੀ ਹੇਠੋਂ ਛੁਰਾ ਦਿਖਾਉਂਦਾ ਹੋਇਆ) ਤੈਨੂੰ ਨਹੀਂ ਪਤਾ, ਮੈਂ ਰਾਜੇ ਦਾ ਖ਼ੁਫ਼ੀਆ ਅਹਿਲਕਾਰ ਆਂ।

ਜੁਲਾਹਾ : (ਡਰਦਾ ਹੋਇਆ, ਹੱਥ ਜੋੜ ਕੇ) ਮਾਫ਼ ਕਰੋ! ਮੈਂ ਤਾਂ ਮਿਹਨਤ-ਮਜ਼ੂਰੀ ਕਰਨ ਵਾਲਾ ਗ਼ਰੀਬ ਕਾਮਾ ਹਾਂ।

ਅਮਲੀ : ਤੂੰ ਰਾਜੇ ਨੂੰ ਐਨੀ ਭੈੜੀ ਗਾਲ੍ਹ ਕੱਢੀ ਹੈ, ਤੈਨੂੰ ਛੱਡ ਕਿੱਦਾਂ ਸਕਦਾਂ। ਰਾਜੇ ਤਾਂ ਨੇਂਹ ਕਲੰਕ ਹੁੰਦੇ ਨੇ। ਉਨ੍ਹਾਂ ਲਈ ਹਰ ਗੱਲ ਜਾਇਜ਼ ਹੈ।

ਜੁਲਾਹਾ : (ਪੈਰ ਫੜ ਕੇ) ਮੈਨੂੰ ਬਚਾਂ, ਮੇਰੇ ਬੱਚੇ ਭੁੱਖੇ ਮਰ ਜਾਣਗੇ।

ਅਮਲੀ : ਓਇ, ਤੇਰੇ ਬੱਚੇ ਕਿ ਜੁਲਾਹੀ ਦੇ।

ਜੁਲਾਹਾ : (ਜਾਨ ਛੁਡਾਣ ਖ਼ਾਤਰ) ਜੁਲਾਹੀ ਦੇ ਹੀ ਸਮਝ ਲਓ।

ਅਮਲੀ : ਆਹ ਪਰਨੇ ਵਿਚ ਕਿਆ ਲੁਕਾਇਆ ਹੋਇਐ ?

ਜੁਲਾਹਾ : ਮਲਮਲ ਦਾ ਥਾਨ।

ਅਮਲੀ : ਹੈਂ! ਮਲਮਲ ਦਾ ਥਾਨ! ਦਿਖਾ ਜ਼ਰਾ।

ਜੁਲਾਹਾ : (ਡਰਦਾ ਡਰਦਾ ਪਰਨੇ ਵਿਚੋਂ ਕੱਢ ਕੇ) ਆਹ ਦੇਖੋ।

ਅਮਲੀ : ਜੇ ਜਾਨ ਬਚਾਉਣੀ ਹੈ ਤਾਂ ਇਹ ਥਾਨ ਤੈਨੂੰ ਭੇਟ ਕਰਨਾ ਪਵੇਗਾ।

ਜੁਲਾਹਾ : ਰਿਸ਼ਵਤ ?

ਅਮਲੀ : ਮੂਰਖ ਚੜ੍ਹਾਵਾ ਆਖ। ਚੁਪ ਕਿਉਂ ਕਰ ਗਿਆਂ। ਮਿਰਗੀ ਪੈ ਗਈ, ਹੱਥੋਂ ਕਿਤੇ ਬਿਨਾਂ ਤਾਂ ਬੰਦੇ ਦੀ ਕਿਰਿਆ ਵੀ ਨਹੀਂ ਹੁੰਦੀ।

ਜੁਲਾਹਾ : (ਬੁਰਾ ਮੂੰਹ ਬਣਾ ਕੇ) ਮੇਰੀ ਹਫ਼ਤੇ ਭਰ ਦੀ ਕਮਾਈ ਆ।

ਅਮਲੀ : ਚੰਗਾ ਫੇਰ ਚਲ ਕੋਤਵਾਲ ਕੋਲ। ਜੇ ਉਸ ਚੰਡਾਲ ਦੇ ਵੱਸ ਪੈ ਗਿਆ ਤਾਂ ਘਰ-ਕੁੱਲਾ ਕੁਰਕ ਕਰਾ ਕੇ ਵੀ ਖ਼ਲਾਸੀ ਨਹੀਂ ਹੋਣੀ। ਉਹਦਾ ਪੇਟ ਐਨਾ ਵਧਿਆ ਹੋਇਐ, ਬੰਦੇ ਨੂੰ ਸਮੁੱਚਾ ਨਿਗਲ ਕੇ ਡਕਾਰ ਵੀ ਨਹੀਂ ਲੈਂਦਾ।

ਜੁਲਾਹਾ : (ਅੱਖਾਂ ਭਰ ਕੇ) ਮੇਰੇ ਬੱਚੇ ਰੋਟੀ ਕਿਥੋਂ ਖਾਣਗੇ ?

ਅਮਲੀ : ਭਾਈ ਭੂਮੀਏ ਨੂੰ ਜਾਣਦਾ ਹੈਂ ?

ਜੁਲਾਹਾ : ਨਹੀਂ।

ਅਮਲੀ : ਢਾਕੇ ਲਾਗੇ ਰਹਿੰਦਾ ਹੈ, ਬੜਾ ਭਾਰੀ ਜ਼ਿਮੀਦਾਰ ਹੈ। ਉਸ ਨੇ ਸਦਾ-ਬਰਤ ਲਾਇਆ ਹੋਇਐ। ਚਾਰ ਦਿਨ ਬੀਵੀ-ਬੱਚਿਆਂ ਨੂੰ ਉਥੇ ਲੈ ਜਾਈਂ। ਛੇਤੀ ਫ਼ੈਸਲਾ ਕਰ, ਮੈਂ ਹੁਣੇ ਰਾਜੇ ਪਾਸ ਪੁਜਣਾ ਹੈ।

ਜੁਲਾਹਾ : ਆਹ ਲਓ, ਪਰ ਜੁਲਾਹੀ ਨੇ ਮੇਰੀ ਜਾਨ ਨਹੀਂ ਛੱਡਣੀ।

ਅਮਲੀ : (ਪ੍ਰਸੰਨ ਹੋ ਕੇ) ਮੂਰਖ, ਉਸ ਤੇ ਕਰੜੀ ਨਿਗਰਾਨੀ ਰੱਖ, ਨਹੀਂ ਤਾਂ ਥਾਨ ਵਾਂਗ ਉਹ ਵੀ ਤੇਰੇ ਹੱਥੋਂ ਖਿਸਕ ਜਾਵੇਗੀ। ਉਹਨੂੰ ਨੂਰਸ਼ਾਹ ਦੇ ਡੇਰੇ ਤੋਂ ਵਰਜ। ਜਿਹੜੀ ਜ਼ਨਾਨੀ ਉਥੇ ਵੜੀ, ਬਸ ਖ਼ਸਮ ਹੱਥੋਂ ਗਈ। ਜਾਹ ਦੌੜ ਜਾ, ਪਿੱਛਾ ਮੁੜ ਕੇ ਨਾ ਦੇਖੀਂ। (ਕੁਝ ਯਾਦ ਕਰ ਕੇ) ਜ਼ਰਾ ਠਹਿਰ, ਦੇਖ ਲਵਾਂ, ਅਸਲੀ ਮਲਮਲ ਹੈ ਕਿ ਨਕਲੀ, ਕਿਤੇ ਠੱਗੀ ਨਾ ਹੋਵੇ। (ਮੁੰਦਰੀ ਲਾਹ ਕੇ ਉਸ ਵਿਚ ਪਾ ਕੇ ਦੇਖਦਾ ਹੈ)

ਜੁਲਾਹਾ : (ਬੜੇ ਦੁੱਖ ਨਾਲ) ਜਨਾਬ, ਇਕ ਨੰਬਰ ਦੀ ਆ। ਪੂਰੇ ਦੋ ਹਫ਼ਤੇ ਜਾਨ-ਮਾਰੀ ਕੀਤੀ ਐ।

ਅਮਲੀ : ਫੇਰ ਜਾਨ ਵੀ ਛੁਟ ਗਈ। ਜਾਨ ਨਾਲ ਈ ਜਹਾਨ ਹੈ। ਖ਼ੈਰ, ਅੱਛੀ ਹੈ। (ਇਸ਼ਾਰੇ ਨਾਲ) ਤੁਰਦਾ ਹੋ। (ਜਾਂਦੇ ਵਲ ਇਸ਼ਾਰਾ ਕਰ ਕੇ) ਹੂੰ! ਇਹੋ ਜਿਹੇ ਕਮਲੇ, ਜੁਲਾਹੇ ਦੇ ਬੱਚੇ ਤਾਂ ਆਪੇ ਭੁੱਖੇ ਮਰਨੇ ਹੋਏ। ਪਰ ਰੱਬ ਸਭ ਨੂੰ ਦੇਈ ਜਾਂਦਾ, ਜੀਵਾਂ ਨੂੰ ਪਥਰਾਂ ਵਿਚ ਵੀ ਦਿੰਦੈ। (ਹੱਸਦਾ ਹੋਇਆ) ਉਹਦੀ ਜੁਲਾਹੀ ਭਾਵੇਂ ਜੁੱਤੀਆਂ ਵਰ੍ਹਾਊ, ਪਰ ਮੇਰੀ ਫੂਲਾਂ ਰਾਣੀ ਤਾਂ ਫੁਲ ਫੁਲ ਬੈਠੂ। ਇਕ ਦਾ ਰੋਣਾ ਦੂਜੇ ਦਾ ਹਾਸਾ। ਦੁਨੀਆ ਹੈ ਈ ਇਸ ਤਰ੍ਹਾਂ:

[ਇਕ ਜਟਾ-ਜੂਟ ਸਾਧੂ ਆਉਂਦਾ ਹੈ।]

ਜੋਗੀ : ਅਲਖ ਨਿਰੰਜਨ, ਸ਼ਿਵ ਸ਼ੰਭੂ, ਭੋਲੇ ਨਾਥ ਦੀ ਜੈ ਹੋ!

ਅਮਲੀ : ਮੱਥਾ ਟੇਕਦੇ ਆਂ ਨਾਥ ਜੀ।

ਜੋਗੀ : (ਹੱਥ ਨਾਲ ਅਸੀਸ ਦੇਂਦਾ ਹੋਇਆ) ਮਾਈ ਨੂਰਸ਼ਾਹ ਦੀਆਂ ਰੱਖਾਂ। ਦੁਸ਼ਟ ਜਨ, ਤੂੰ ਮੇਰੀ ਤਰਫ਼ ਕਿਆ ਝਾਕਤਾ ਹੈ।

ਅਮਲੀ : ਮੈਨੂੰ ਭੁਲੇਖਾ ਲੱਗਾ ਸੀ, ਕਿਤੇ ... ...

ਜੋਗੀ : (ਝੂਠਾ ਕ੍ਰੋਧ ਚਿਹਰੇ ਤੇ ਲਿਆ ਕੇ) ਦੁਸ਼ਟ, ਸਿਧ ਨਾਥ ਨੂੰ ਕ੍ਰੋਧਵਾਨ ਕਰਤਾ ਹੈ। ਤੂੰ ਨਹੀਂ ਜਾਨਤਾ, ਮਹਾਨ ਜਾਦੂਗਰਨੀ ਮਾਈ ਨੂਰਸ਼ਾਹ ਦਾ ਪੁਜਾਰੀ ਹਾਂ। ਹੁਣੇ ਖੜੇ-ਖੜੋਤੇ ਨੂੰ ਮੀਢਾ ਬਣਾ ਦਿਆਂਗਾ।

ਅਮਲੀ : (ਹੱਥ ਫੜ ਕੇ) ਨਾਥ ਜੀ, ਗੱਲ ਤਾਂ ਸੁਣੋ।



ਜੋਗੀ : ਪਰ੍ਹੇ ਮਰ, ਦੁਸ਼ਟ ਪਾਪੀ! ਹੇ ਦੇਵੀ ਨੂਰਸ਼ਾਹ, ਏਸ ਮਨਮੁਖ ਨੂੰ ਬਲੀ ਦਾ ਬਕਰਾ ਬਣਾ ਦੇ।

[ਅੱਖਾਂ ਬੰਦ ਕਰ ਕੇ ਮੂੰਹ ਵਿਚ ਕੁਝ ਗੁਣ-ਗੁਣਾਉਂਦਾ ਹੈ। ਅਮਲੀ ਉਸ ਦੀ ਦਾਹੜੀ ਅਤੇ ਸਿਰ ਦੇ ਵਾਲਾਂ ਨੂੰ ਹੱਥ ਪਾ ਕੇ ਖੋਹ ਲੈਂਦਾ ਹੈ। ਉਹ ਵਿਚੋਂ ਘੋਨ-ਮੋਨ ਨਿਕਲ ਆਉਂਦਾ ਹੈ।]

ਜੋਗੀ : ਅੰਧੇ ਮੂਰਖ, ਇਹ ਕਿਆ!

[ਅਤੀ ਘਬਰਾਹਟ ਵਿਚ ਆਲੇ-ਦੁਆਲੇ ਦੇਖਦਾ ਹੈ।]

ਅਮਲੀ : ਮਾਈ ਨੂਰਸ਼ਾਹ ਦਾ ਜਾਦੂ ਉਲਟਾ ਚਲ ਗਿਆ। ਤੈਨੂੰ ਅਸਲ ਰੂਪ ਵਿਚ ਪ੍ਰਗਟ ਕਰ ਦਿੱਤਾ। (ਪਛਾਣਦਾ ਹੋਇਆ) ਹੈਂ! ਕੌਣ ਗਣੇਸ਼?

ਗਣੇਸ਼ : (ਹੱਥ ਬੰਨ੍ਹਦਾ ਹੋਇਆ) ਭਰਾ, ਮੈਨੂੰ ਬਚਾ!

ਅਮਲੀ : ਤੈਨੂੰ ਬਚਾ ਕੇ ਮੈਂ ਆਪ ਫਸਾਂ। ਐਨੀ ਅਕਲ ਰੱਬ ਨੇ ਮੈਨੂੰ ਨਹੀਂ ਦਿਤੀ। ਪਹਿਲਾਂ ਇਹ ਦਸ, ਤੂੰ ਉਸ ਜਾਦੂਗਰਨੀ ਦੇ ਕਾਬੂ ਕਿੱਦਾਂ ਆ ਗਿਆ।

ਗਣੇਸ਼ : ਭਰਾ ਤੇਰੇ ਕੋਲੋਂ ਕੀ ਲੁਕਾ ਏ। ਇਕ ਉਪੱਦਰ ਕਰ ਬੈਠਾ ਸਾਂ। ਬਚਾਉ ਦਾ ਕੋਈ ਰਾਹ ਨਾ ਦੇਖ ਕੇ ਨੂਰਸ਼ਾਹ ਦੀ ਸ਼ਰਨ ਜਾ ਪਿਆ।

ਅਮਲੀ : ਯਾਨੀ ਡਾਕੂ ਨੇ ਸਾਧ ਦਾ ਭੇਸ ਧਾਰਨ ਕਰ ਲਿਆ। ਖੋਟੇ ਸਿੱਕੇ ਤੇ ਮੁਲੰਮਾ ਚਾੜ੍ਹ ਲਿਆ।

ਗਣੇਸ਼ : ਉਸ ਝੂਠ-ਗੜ੍ਹ ਵਿਚ ਮੇਰੇ ਵਰਗੇ ਕਈ ਵਸੇ ਬੈਠੇ ਨੇ।

ਅਮਲੀ : ਪਰ ਸਾਡੀ ਉਥੇ ਕੋਈ ਵਾਹ ਨਹੀਂ ਚਲਦੀ।

ਗਣੇਸ਼ : ਕਿਉਂ?

ਅਮਲੀ : ਕਿਉਂਕਿ ਸਾਡਾ ਰਾਜਾ ਵੀ ਨੂਰਸ਼ਾਹ ਦਾ ਉਪਾਸ਼ਕ ਹੈ। ਖ਼ੈਰ, ਮੇਰੀ ਰੱਬ ਨੇ ਸੁਣ ਲਈ। ਸਵੇਰ ਦਾ ਬਗਲੇ ਵਾਂਗ ਇਕ ਟੰਗ ਭਾਰ ਖੜਾ ਸਾਂ।

ਗਣੇਸ਼ : (ਤਰਲੇ ਨਾਲ) ਭਰਾ! ਇਹ ਮਖੌਟੇ ਮੈਨੂੰ ਦੇ ਦੇ, ਕੋਈ ਪਛਾਣ ਲਵੇਗਾ।

ਅਮਲੀ : ਤੂੰ ਹੁਣ ਕਿਥੇ ਜਾ ਸਕਦਾ ਹੈਂ। ਮੈਂ ਤੈਨੂੰ ਰਾਜੇ ਸਾਹਮਣੇ ਪੇਸ਼ ਕਰਨਾ ਹੈ, ਸ਼ਾਇਦ ਤੂੰ ਹੀ ਰਾਜੇ ਦੇ ਚੋਰੀ ਕੀਤੀ ਹੋਵੇ।

ਗਣੇਸ਼ : ਰਾਜੇ ਦੇ ਚੋਰੀ? (ਕੰਨਾਂ ਨੂੰ ਹੱਥ ਲਾ ਕੇ) ਤੋਬਾ ਮੇਰੀ! ਮੈਂ ਤਾਂ ਕਈ ਦਿਨਾਂ ਦਾ ਨਸ਼ਿਆਂ ਵਿਚ ਸੁਧ-ਬੁਧ ਭੁੱਲੀ ਬੈਠਾ ਸਾਂ।

ਅਮਲੀ : (ਭੇਦ ਕੱਢਣ ਖ਼ਾਤਰ ਰੁਖ਼ ਬਦਲ ਕੇ) ਗਣੇਸ਼ ਭਰਾ, ਇਹ ਦਸ ਮਾਈ ਨੂਰਸ਼ਾਹ ਕੋਲ ਕਿਆ ਜਾਦੂ ਹੈ ?

ਗਣੇਸ਼ : ਵਾਮ-ਮਾਰਗੀਆਂ ਕੋਲ ਜੋ ਕੁਛ ਹੁੰਦਾ ਹੈ। ਮਾਸ, ਮੱਛੀ ਤੇ ਵਿਭਚਾਰ। ਤੰਤਰ ਸ਼ਾਸਤਰ ਵਿਚ ਲਿਖਿਆ ਏ :

ਮਦਯੰ ਮਾਸੰ ਤਥਾ ਮਤਸਯੋ ਮੁੰਦ੍ਰਾ ਮੈਥੁਨ ਮੇਵਚ,
ਪੰਚ ਤੰਤ ਮਿਦੰ ਪ੍ਰੋਕੰ ਦੇਵਿ, ਨਿਰਵਾਣ ਹੇ ਭਵੇ।

ਅਮਲੀ : ਕੀ ਮਤਲਬ, ਮੇਰੇ ਤਾਂ ਕੁਛ ਪੱਲੇ ਨਹੀਂ ਪਿਆ।

ਗਣੇਸ਼ : ਨਿਰਵਾਣ ਅਵਸਥਾ ਦੀ ਪ੍ਰਾਪਤੀ ਲਈ ਪੰਜ ਸਾਧਨ ਹਨ : ਸ਼ਰਾਬ, ਮਾਸ, ਮੱਛੀ, ਮੁੰਦਰਾ ਅਤੇ ਮੈਥੁਨ।

ਅਮਲੀ : (ਡੇਰੇ ਵਲ ਇਸ਼ਾਰਾ ਕਰ ਕੇ) ਅੰਦਰ ਹੋਰ ਕਿੰਨੇ ਕੁ ਬਟੇਰੇ ਫਸੇ ਹੋਏ ਨੇ ?

ਗਣੇਸ਼ : ਹੁਣ ਤਾਂ ਗਿਣਤੀ ਦੇ ਹੀ ਰਹਿ ਗਏ।

ਅਮਲੀ : ਰਾਜੇ ਦਾ ਚੋਰ ਤਾਂ ਨਹੀਂ ਅੰਦਰ ਕਿਤੇ ?

ਗਣੇਸ਼ : ਭੋਗ ਬਿਲਾਸ ਦੇ ਕਿਰਮਾਂ ਨੂੰ ਆਪਣੇ ਆਪ ਦੀ ਹੋਸ਼ ਨਹੀਂ, ਚੋਰੀ ਉਨ੍ਹਾਂ ਨੇ ਕੀ ਕਰਨੀ ਹੈ !

ਅਮਲੀ : ਬਾਕੀ ਦੇ ਕਿੱਥੇ ਚਲੇ ਗਏ ?

ਗਣੇਸ਼ : ਜਾਦੂਗਰਨੀ ਦਾ ਜਾਦੂ ਟੁਟ ਗਿਆ, ਢੋਲ ਦਾ ਪੋਲ ਖੁਲ੍ਹ ਗਿਆ। ਜਿਸ ਨੂੰ ਹੋਸ਼ ਆਉਂਦੀ ਹੈ ਖਿਸਕ ਜਾਂਦਾ ਹੈ।

ਅਮਲੀ : ਉਸ ਟੂਣੇਹਾਰੀ ਦਾ ਜਾਦੂ ਕਿੱਦਾਂ ਟੁੱਟ ਗਿਆ ?

ਗਣੇਸ਼ : ਉਸ ਨੂੰ ਆਪਣੇ ਤੋਂ ਭਾਰੀ ਕਰਾਮਾਤੀ ਟੱਕਰ ਗਿਆ।

ਅਮਲੀ : ਕੌਣ ਹੈ ਉਹ ?

ਗਣੇਸ਼ : ਪੰਜਾਬੋਂ ਆਇਆ ਇਕ ਪੀਰ ਫ਼ਕੀਰ।

ਅਮਲੀ : ਇਹ ਤਾਂ ਮੈਂ ਸੁਣ ਚੁੱਕਾਂ, ਪਰੀਵਰਤਣ ਕਿੱਦਾਂ ਹੋਇਆ ?

ਗਣੇਸ਼ : ਨੂਰਸ਼ਾਹ ਨੇ ਫ਼ਕੀਰ ਦੇ ਚੇਲੇ ਮਰਦਾਨੇ ਨੂੰ ਟੂਣਾ ਕਰ ਕੇ ਕੀਲ ਲਿਆ। ਉਸ ਵਲੀ ਫ਼ਕੀਰ ਨੇ ਆ ਕੇ ਨਾ ਸਿਰਫ਼ ਚੇਲੇ ਨੂੰ ਛੁਡਾਇਆ, ਸਗੋਂ ਉਸ ਦਾ ਮਾਣ ਵੀ ਤੋੜ ਦਿੱਤਾ।

ਅਮਲੀ : ਨੂਰਸ਼ਾਹ ਨੇ ਕੋਈ ਮੰਤਰ ਨਾ ਮਾਰਿਆ ?

ਗਣੇਸ਼ : ਪੂਰੀ ਵਾਹ ਲਾਈ, ਬਥੇਰੇ ਜਾਦੂ ਮੰਤਰ ਕੀਤੇ, ਪਰ ਕੋਈ ਪੇਸ਼ ਨਾ ਗਈ।

ਅਮਲੀ : ਫੇਰ ਕਿਆ ਹੋਇਆ ?

ਗਣੇਸ਼ : ਅਖ਼ੀਰ ਚਰਨੀਂ ਢਹਿ ਪਈ।



ਅਮਲੀ : ਕਿਆ ਨੂਰਸ਼ਾਹ ਉਸ ਫ਼ਕੀਰ ਨਾਲ ਚਲੀ ਗਈ ?

ਗਣੇਸ਼ : ਨਹੀਂ ! ਅੰਦਰ ਹੀ ਅੱਖਾਂ ਬੰਦ ਕਰੀ ਬੈਠੀ ਹੈ। ਪਤਾ ਨਹੀਂ ਕਿਸ ਚੀਜ਼ ਦੀ ਖ਼ੁਮਾਰੀ ਚੜ੍ਹ ਗਈ ਹੈ। ਸਭ ਹੈਰਾਨ ਹੋ ਰਹੇ ਹਨ।

ਅਮਲੀ : ਨਿਮੋਸ਼ੀ ਦੀ ਮਾਰੀ ਚੁਪ ਬੈਠੀ ਹੋਵੇਗੀ। ਆਪਣੇ ਆਪ ਤੇ ਵਿਸ਼ਵਾਸ ਜੋ ਖ਼ਤਮ ਹੋ ਗਿਆ।

ਗਣੇਸ਼ : ਨਹੀਂ, ਧੋਤੇ ਸੋਨੇ ਵਾਂਗ ਸਗੋਂ ਲਿਸ਼ਕ ਪਈ ਏ।

ਅਮਲੀ : (ਅਤੀ ਹੈਰਾਨੀ ਨਾਲ) ਹੈਂ ! ਕੈਸਾ ਫ਼ਕੀਰ ਹੈ ਉਹ, ਜਿਸ ਨੇ ਨੂਰਸ਼ਾਹ ਦੀ ਕਾਇਆ-ਕਲਪ ਕਰ ਦਿੱਤੀ ਹੈ।

ਗਣੇਸ਼ : ਮੈਨੂੰ ਦਰਸ਼ਨ ਕਰਨੇ ਨਸੀਬ ਨਹੀਂ ਹੋਏ। ਮੈਂ ਨਸ਼ੇ ਵਿਚ ਮਦਹੋਸ਼ ਪਿਆ ਸਾਂ।

ਅਮਲੀ : ਨਾਮ ਕੀ ਹੈ ਉਸ ਦਾ ?

ਗਣੇਸ਼ : ਲੋਕੀ ਉਸ ਨੂੰ ਨਾਨਕ ਸ਼ਾਹ ਫ਼ਕੀਰ ਕਹਿੰਦੇ ਨੇ।

ਅਮਲੀ : ਤੈਨੂੰ ਨੂਰਸ਼ਾਹ ਨੇ ਕੱਢਿਆ ਕਿ ਤੂੰ ਆਪ ਖਿਸਕ ਆਇਐਂ ?

ਗਣੇਸ਼ : ਸਭ ਖੋਟੇ-ਖਰੇ ਪਰਖ ਰਹੀ ਹੈ। ਇਕ ਨਵਾਂ ਹੀ ਸਬਕ ਪੜ੍ਹਾ ਰਹੀ ਹੈ। ਜਿਸ ਨੂੰ ਸੁਖਾਂਦਾ ਬੈਠਾ ਰਹਿੰਦਾ, ਦੂਜਾ ਆਪੇ ਨਸ ਜਾਂਦਾ ਹੈ।

ਅਮਲੀ : ਕਿਆ ਹੈ ਉਹ ਨਵਾਂ ਗੁਰ-ਮੰਤਰ ?

ਗਣੇਸ਼ : ਇਕ ਪ੍ਰਭੂ ਦੇ ਨਾਮ ਦਾ ਜਾਪ ਤੇ ਲੋਕਾਂ ਦੀ ਸੇਵਾ; ਵਿਭਚਾਰ ਤੇ ਨਸ਼ਿਆਂ ਦਾ ਤਿਆਗ।

ਅਮਲੀ : ਸਾਧਾਰਣ ਬੰਦਾ ਇਨ੍ਹਾਂ ਗੱਲਾਂ ਤੇ ਕਿੱਦਾਂ ਅਮਲ ਕਰ ਸਕਦੈ ?

ਗਣੇਸ਼ : (ਤਰਲੇ ਨਾਲ) ਭਰਾ ! ਮੇਰੇ ਵਾਲ ਦੇ ਦੇ, ਮੈਂ ਕਿਧਰੇ ਸਿਰ ਲੁਕਾਵਾਂ, ਕੋਈ ਪਛਾਣ ਲਵੇਗਾ।

ਅਮਲੀ : ਇਕ ਮਿਹਰਬਾਨੀ ਕਰ ਸਕਦਾਂ, ਤੂੰ ਜਾਨ ਬਚਾ ਕੇ ਨਸ ਜਾ। ਬਾਕੀ ਇਹ ਮਖੌਟਾ ਹਰਗਿਜ਼ ਨਹੀਂ ਮਿਲ ਸਕਦਾ (ਆਪਣੇ ਸਿਰ ਤੇ ਮੂੰਹ ਤੇ ਲਾ ਕੇ) ਇਹ ਤਾਂ ਮੇਰੇ ਕਿੱਤੇ ਨੂੰ ਬਹੁਤ ਰਾਸ ਆਵੇਗਾ। ਮੈਂ ਤਾਂ ਹੁਣ ਤਕ ਐਵੇਂ ਝਖਾਂ ਮਾਰਦਾ ਰਿਹਾਂ।

[ਗਣੇਸ਼ ਆਲੇ-ਦੁਆਲੇ ਦੇਖ ਕੇ ਜੱਕੋ-ਤੱਕੇ ਕਰਦਾ ਤੁਰ ਪੈਂਦਾ ਹੈ। ਅਮਲੀ ਚੁਰੱਸਤੇ ਵਿਚ ਪਏ ਇਕ ਪੱਥਰ ਉਤੇ ਬੈਠ ਜਾਂਦਾ ਹੈ।]

ਅਮਲੀ : (ਆਪਣੇ ਆਪ) ਸਭ ਪਾਸੇ ਕੂੜ ਫ਼ਰੇਬ ਦਾ ਪਸਾਰਾ ਹੈ। ਸੱਚ ਤਾਂ ਖੰਭ ਲਾ ਕੇ ਉਡ ਗਿਆ ਜਾਪਦਾ ਹੈ। ਲੋਕੀ ਅੰਦਰੋਂ ਕੁਛ ਤੇ

ਬਾਹਰੋਂ ਕੁਛ। (ਦਾਹੜੀ ਤੇ ਹੱਥ ਫੇਰ ਕੇ) ਵੇਸ ਭੇਸ ਦੀ ਜੈ ਹੋ! ਜਨਤਾ ਦਾ ਕਿਆ ਕਸੂਰ। ਜੇਹਾ ਰਾਜਾ ਤੇਹੀ ਪਰਜਾ। (ਕਿਸੇ ਨੂੰ ਆਉਂਦਾ ਦੇਖ ਕੇ ਅੱਖਾਂ ਬੰਦ ਕਰ ਕੇ) ਅੱਲਖ ਨਿਰੰਜਨ! ਜੈ ਸ਼ਿਵ ਸ਼ੰਭੂ!

[ਗਣੇਸ਼ ਮੂੰਹ ਅਤੇ ਪਿੰਡੇ ਤੇ ਸੁਆਹ ਮਲੀ ਵਾਪਸ ਆਉਂਦਾ ਹੈ ਅਤੇ ਅਮਲੀ ਦੇ ਪੈਰ ਘੁਟਣ ਲੱਗ ਜਾਂਦਾ ਹੈ।]

ਅਮਲੀ : ਕੌਣ ਹੈ?

ਗਣੇਸ਼ : ਤੁਹਾਡਾ ਚੇਲਾ ਬਾਲਕਾ।

ਅਮਲੀ : ਜੈ ਗੁਰੂ ਗੋਰਖ ਨਾਥ!

ਗਣੇਸ਼ : (ਹੌਲੀ) ਗੁਰੂ ਜੀ, ਅੱਖਾਂ ਬੰਦ ਰੱਖੋ, ਸ਼ਿਕਾਰ!

[ਇਕ ਆਦਮੀ ਤੇ ਤੀਵੀਂ ਚੜ੍ਹਾਵੇ ਦੀ ਸਾਮਗ੍ਰੀ ਹੱਥਾਂ ਵਿਚ ਫੜੀ ਆਉਂਦੇ ਹਨ। ਗਣੇਸ਼ ਇਸ਼ਾਰੇ ਨਾਲ ਉਨ੍ਹਾਂ ਨੂੰ ਅਮਲੀ ਅੱਗੇ ਮੱਥਾ ਟੇਕਣ ਲਈ ਕਹਿੰਦਾ ਹੈ।]

ਅਮਲੀ : ਭੋਲੇ ਨਾਥ ਦੀ ਜੈ ਹੋ! ਭੱਦਰ ਪੁਰਸ਼, ਕਿਆ ਸੰਕਲਪ ਹੈ?

ਬੰਦਾ : ਨਾਥ ਜੀ, ਅਸੀਂ ਦੇਵੀ ਨੂਰਸ਼ਾਹ ਦੇ ਡੇਰੇ ਚੜ੍ਹਾਵਾ ਚਾੜ੍ਹਨ ਚਲੇ ਆਂ।

ਅਮਲੀ : ਕਿਆ ਅਹੁਰ ਹੈ ਤੇਰੀ ਔਰਤ ਨੂੰ? ਮੈਨੂੰ ਦੱਸ।

ਬੰਦਾ : (ਦਿਲ ਦੀ ਗੱਲ ਬੁਝ ਲੈਣ ਕਾਰਨ, ਪ੍ਰਭਾਵਤ ਹੋ ਕੇ) ਮਹਾਰਾਜ, ਮੇਰੇ ਘਰ ਕੋਈ ਬਾਲ-ਬੱਚਾ ਨਹੀਂ ਹੁੰਦਾ, ਦੇਵੀ ਤੋਂ ਵਰ ਲੈਣ ਚਲੇ ਆਂ।

ਅਮਲੀ : ਮੂਰਖ ਬੰਦੇ, ਬੱਚੇ ਦੀ ਭਾਲ ਵਿਚ ਜ਼ਨਾਨੀ ਵੀ ਗੁਆ ਬੈਠੇਂਗਾ।

ਗਣੇਸ਼ : ਪਾਗਲ, ਇਨ੍ਹਾਂ ਨਾਲੋਂ ਵੱਡਾ ਮਹਾਤਮਾ ਤਾਂ ਦੇਸ਼ ਭਰ ਵਿਚ ਕੋਈ ਨਹੀਂ। ਇਹ ਤਾਂ ਪਹਾੜਾਂ ਦੀਆਂ ਖੁੰਦਰਾਂ ਵਿਚ ਰਹਿੰਦੇ ਐ। ਤੇਰੇ ਚੰਗੇ ਭਾਗਾਂ ਨੂੰ ਹੇਠਾਂ ਉਤਰ ਆਏ।

ਅਮਲੀ : (ਅੱਖਾਂ ਬੰਦ ਕਰ ਕੇ) ਸ਼ਿਵ ਸ਼ੰਭੂ! ਗੋਰਖ ਜਤੀ ਦੀ ਜੈ ਹੋ!

ਗਣੇਸ਼ : (ਇਸ਼ਾਰੇ ਨਾਲ, ਹੌਲੀ) ਪੈਰਾਂ ਵਿਚ ਚੜ੍ਹਾਵਾ ਰੱਖ ਦਿਓ ਝਟਪਟ। ਤੇ ਹੱਥ ਜੋੜ ਕੇ ਬੈਠ ਜਾਓ।

[ਸਾਰੀਆਂ ਚੀਜ਼ਾਂ ਪੈਰਾਂ ਵਿਚ ਰੱਖ ਕੇ ਬੈਠ ਜਾਂਦੇ ਹਨ।]

ਬੰਦਾ : (ਗਲ ਵਿਚ ਪੱਲਾ ਪਾ ਕੇ) ਨਾਥ ਜੀ, ਮਿਹਰ ਦੇ ਘਰ ਆਓ, ਕੋਈ ਰੇਖ ਵਿਚ ਮੇਖ ਮਾਰੋ, ਮੇਰੇ ਸੁੰਕੇ ਚਮਨ ਵਿਚ ਖੇੜਾ ਲਿਆਉ।



ਅਮਲੀ : ਮਾਤਾ, ਸੱਚ ਸੱਚ ਬੋਲੀਂ, ਝੂਠ ਨਾ ਮੁਖੋਂ ਅਲਾਈਂ।

ਇਸਤ੍ਰੀ : (ਹੱਥ ਬੰਨ੍ਹ ਕੇ) ਪੁਛੋ ਮਹਾਰਾਜ।

ਅਮਲੀ : ਕਿੰਨੀ ਦਫ਼ਾ ਮਾਈ ਨੂਰਸ਼ਾਹ ਦੇ ਡੇਰੇ ਗਈ ਹੈਂ?

ਬੰਦਾ : ਇਹ ਤਾਂ ਜੀ ... ...

ਅਮਲੀ : (ਰੁਹਬ ਨਾਲ) ਪੁਰਸ਼ਾ! ਤੂੰ ਮਤ ਬੋਲ! ਮਾਤਾ, ਜੇ ਝੂਠ ਬੋਲੇਂਗੀ ਤਾਂ ਸਜ਼ਾ ਪਾਏਂਗੀ, ਲਾ-ਉਲਾਦ ਭਟਕੇਂਗੀ।

ਔਰਤ : (ਆਪਣੇ ਆਦਮੀ ਤੋਂ ਡਰਦੀ ਡਰਦੀ) ਪੰਜ ਛੇ ਦਫ਼ਾ ਮਹਾਰਾਜ!

ਅਮਲੀ : ਦੋ ਤਿੰਨ ਦਫ਼ਾ ਆਪਣੇ ਮਰਦ ਤੋਂ ਚੋਰੀ ਰਾਤ ਮਠ ਵਿਚ ਵੀ ਰਹੀਂ ਏਂ।

ਔਰਤ : (ਝਕਦੀ ਝਕਦੀ) ਸਿਰਫ਼ ਇਕ ਰਾਤ, ਦੇਵੀ ਮਾਤਾ ਦਾ ਹੁਕਮ ਸੀ।

ਅਮਲੀ : ਕਿੰਨਾ ਚਿਰ ਹੋਇਆ ਇਸ ਬਾਤ ਨੂੰ?

ਔਰਤ : ਪਿਛਲੀ ਮੱਸਿਆ ਦੀ ਗੱਲ ਹੈ।

ਅਮਲੀ : ਜਾਓ, ਸ਼ਿਵ ਸ਼ੰਭੂ ਦੀ ਮਿਹਰ ਹੋਵੇਗੀ। ਅੱਠ ਮਹੀਨਿਆਂ ਪਿਛੋਂ ਚੰਦ ਵਰਗਾ ਲਾਲ ਪੈਦਾ ਹੋਵੇਗਾ।

ਬੰਦਾ : ਸਚ-ਮੁਚ ਮਹਾਰਾਜ!

[ਅਪਾਰ ਖ਼ੁਸ਼ੀ ਵਿਚ ਅਮਲੀ ਦੇ ਪੈਰ ਘੁਟਦਾ ਹੈ। ਔਰਤ ਵੀ ਪੈਰਾਂ ਦੀ ਧੂੜ ਚੁਕ ਕੇ ਅੱਖਾਂ ਅਤੇ ਮੱਥੇ ਨੂੰ ਲਾਉਂਦੀ ਹੈ।]

ਗਣੇਸ਼ : ਠਹਿਰੋ, ਨਾਥ ਜੀ ਦੀ ਚਰਨ-ਧੂੜ ਲੈ ਜਾਓ। (ਬੰਦੇ ਨੂੰ) ਪਾਣੀ ਵਿਚ ਘੋਲ ਕੇ ਮਾਤਾ ਨੂੰ ਪਿਲਾ ਦੇਣੀ। ਨਿਰਵਿਘਨ ਬਾਲ ਜਨਮ ਪਾਵੇਗਾ।

[ਦੋਵੇਂ ਸ਼ੁਕਰ ਸ਼ੁਕਰ ਕਰਦੇ ਜਾਂਦੇ ਹਨ।]

ਗਣੇਸ਼ : ਗੁਰੂ, ਹੁਣ ਤਾਂ ਦਯਾ ਕਰ। ਬਥੇਰਾ ਚੜ੍ਹਾਵਾ ਚੜ੍ਹ ਗਿਆ।

ਅਮਲੀ : (ਇਸ਼ਾਰੇ ਨਾਲ) ਚੁਪ! ਕੋਈ ਹੋਰ ਆ ਰਿਹੈ।

[ਕੁਝ ਦੇਰ ਪਿਛੋਂ ਇਕ ਭਲਾ ਜਿਹਾ ਬੰਦਾ ਬਹੁਤ ਸਾਰੀਆਂ ਚੀਜ਼ਾਂ ਚੁਕੀ ਆਉਂਦਾ ਹੈ। ਉਨ੍ਹਾਂ ਨੂੰ ਬੈਠੇ ਦੇਖ ਕੇ ਰੁਕ ਜਾਂਦਾ ਹੈ। ਪਲਕ ਪਿਛੋਂ ਇਕ ਤੀਵੀਂ ਉਸ ਨਾਲ ਆਣ ਰਲਦੀ ਹੈ। ਦੋਵੇਂ ਨੀਵੀਂ ਪਾ ਕੇ ਕੋਲੋਂ ਦੀ ਖਿਸਕਣ ਲਗਦੇ ਹਨ।]

ਅਮਲੀ : ਦੁਸ਼ਟੋ, ਕਿਆ ਕਾਰਾ ਕਰਨ ਜਾ ਰਹੇ ਹੋ?

ਬੰਦਾ : (ਸੰਨ੍ਹ ਤੋਂ ਫੜੇ ਚੋਰ ਵਾਂਗ) ਕੁਛ ਨਹੀਂ ਮਹਾਰਾਜ !

ਅਮਲੀ : ਕੁਛ ਕਿਉਂ ਨਹੀਂ, ਮੈਂ ਸਭ ਸਮਝਦਾਂ ।

ਗਣੇਸ਼ : (ਉਨ੍ਹਾਂ ਨੂੰ ਅਮਲੀ ਦੇ ਪੈਰ ਛੂਹਣ ਦਾ ਇਸ਼ਾਰਾ ਕਰਦਾ ਹੋਇਆ) ਛੇਤੀ ਕਰੋ ।

ਅਮਲੀ : ਸੱਚ ਸੱਚ ਬੋਲ ਦਿਓ, ਨਹੀਂ ਤਾਂ ਖੜੇ-ਖੜੋਤੇ ਭਸਮ ਹੋ ਜਾਓਗੇ ।

ਗਣੇਸ਼ : ਮੂਰਖੋ, ਜੋਗੀ ਨਾਥ ਜਾਣੀ ਜਾਣ ਹਨ । ਤੁਹਾਡੇ ਦਿਲ ਦਾ ਭੇਦ ਇਨ੍ਹਾਂ ਜਾਣ ਲਿਆ ਏ । ਸਾਫ਼ ਸਾਫ਼ ਦੱਸ ਦਿਓ ।

ਬੰਦਾ : (ਗਿੜਗਿੜਾ ਕੇ) ਮਹਾਰਾਜ, ਚਾਰ ਲੜਕੀਆਂ, ਕੋਈ ਲੜਕਾ ਨਹੀਂ ਸੀ ਹੁੰਦਾ । ਬਥੇਰੇ ਉਪੱਾ ਕੀਤੇ । ਅਖ਼ੀਰ ਇਕ ਚੇਲੇ ਦੇ ਕਹਿਣ ਤੇ ਟੂਣਾ ਕਰਨ ਜਾ ਰਹੇ ਆਂ ।

ਅਮਲੀ : ਆਪਣੇ ਬੱਚੇ ਦੀ ਖ਼ਾਤਰ ਦੂਜੇ ਬਾਲ ਨੂੰ ਕੋਹਣ ਲੱਗੇ ਹੋ ? ਨਰਕ ਦੇ ਅਧਿਕਾਰੀ ਹੋਵੋਗੇ । ਝੋਲੀ ਵਿਚ ਕਿਆ ਹੈ, ਸੱਚ ਸੱਚ ਬੋਲ ?

ਬੰਦਾ : ਗੁਆਂਢੀਆਂ ਦਾ ਲੜਕਾ । ਚੇਲੇ ਨੇ ਦਸਿਆ ਜੇ ਜ਼ਨਾਨੀ ਇਸ ਦੇ ਖ਼ੂਨ ਨਾਲ ਨ੍ਹਾਵੇਗੀ ਤਾਂ ਲੜਕਾ ਪੈਦਾ ਹੋਵੇਗਾ ।

ਅਮਲੀ : ਲੜਕਾ ਬੇਹੋਸ਼ ਹੈ ?

ਬੰਦਾ : (ਡਰਦਾ ਡਰਦਾ) ਜੀ ਹਾਂ ।

ਅਮਲੀ : (ਭਿਆਨਕ ਦਰਦ-ਭਰੀ ਅਵਾਜ ਕਢਦਾ ਹੋਇਆ) ਹੈਂ, ਹੈ ! ਐਨਾ ਘੋਰ ਪਾਪ !! ਭੈਰੋਂ ਨਾਥ ਸਤਿਆਨਾਸ ! ਦੁਸ਼ਟ ਪਾਪੀ ਦੀ ਖੈ !

ਬੰਦਾ : (ਸਿਸਕੀਆਂ ਲੈਂਦਾ ਹੋਇਆ) ਸਾਡੇ ਗੁਨਾਹ ਬਖ਼ਸ਼ੋ !

[ਦੋਵੇਂ ਅਮਲੀ ਦੇ ਪੈਰਾਂ ਤੇ ਢਹਿ ਕੇ ਰੋਂਦੇ ਹਨ ।]

ਅਮਲੀ : ਏਸ ਪੰਡ ਵਿਚ ਕੀ ਕੀ ਚੀਜ਼ਾਂ ਹਨ, ਗਿਣ ਕੇ ਦਸੋ ।

ਬੰਦਾ : ਸੱਤਾਂ ਖੂਹਾਂ ਦਾ ਪਾਣੀ, ਸੱਤਾਂ ਸ਼ਮਸ਼ਾਨਾਂ ਦੀ ਮਿੱਟੀ, ਸੱਤਾਂ ਦਰੱਖ਼ਤਾਂ ਦੇ ਪੱਤੇ, ਸਤ ਕਿਸਮਾਂ ਦਾ ਅਨਾਜ ।

ਅਮਲੀ : ਸਤਨਾਜਾ ?

ਬੰਦਾ : ਜੀ ਹਾਂ । ਸੱਤਾਂ ਰੰਗਾਂ ਦੇ ਧਾਗੇ, ਸੱਤਾਂ ਰੰਗਾਂ ਦੀਆਂ ਲੀਰਾਂ ।

ਅਮਲੀ : ਹੋਰ ?

ਬੰਦਾ : ਸੰਧੂਰ, ਮੌਲੀ ਦਾ ਧਾਗਾ, ਪੇਠਾ, ਕੱਚਾ ਘੜਾ ਤੇ ਮੁਰਗਾ ।

ਗਣੇਸ਼ : ਸਾਰਾ ਚੜ੍ਹਾਵਾ ਨਾਥ ਜੀ ਦੇ ਪੈਰਾਂ 'ਚ ਰੱਖ ਦਿਓ, ਛੇਤੀ ਕਰੋ ।

ਬੰਦਾ : ਜੋ ਹੁਕਮ ਮਹਾਰਾਜ !

ਗਣੇਸ਼ : ਜੇਬ ਵਿਚ ਜੋ ਛਾਪ-ਛੱਲਾ ਨਕਦੀ ਏ, ਉਹ ਵੀ ਕੱਢ ਕੇ ਰੱਖ ਦਿਓ ।



ਜਲਦੀ ਕਰੋ, ਤੁਹਾਡੇ ਭਾਗ ਜਾਗਣ ਲੱਗੇ ਨੇ । ਗੁਰੂ ਜੀ ਦੀ ਸਮਾਧੀ ਲਗ ਗਈ ਹੈ । ਹੱਥ ਜੋੜ ਕੇ ਬੈਠ ਜਾਓ ।

[ਦੋਵੇਂ ਹੱਥ ਜੋੜ ਕੇ ਬੜੀ ਸ਼ਰਧਾ ਨਾਲ ਬੈਠ ਜਾਂਦੇ ਹਨ ।]

ਗਣੇਸ਼ : ਦੇਖੋ, ਨਾਥ ਜੀ ਦੇ ਚਿਹਰੇ ਉਤੇ ਪ੍ਰਸੰਨਤਾ ਦੀ ਲਾਲੀ ! ਮਿਹਰ ਦੇ ਘਰ ਆ ਗਏ ਨੇ ।

ਅਮਲੀ : ਭਲਿਓ ਪੁਰਸ਼ੋ, ਵਾਪਸ ਘਰ ਚਲੇ ਜਾਓ । ਗੁਆਂਢੀਆਂ ਦਾ ਬੱਚਾ ਗਲੀ ਵਿਚ ਛਡ ਦਿਓ । ਕਰ ਭਲਾ ਸੋ ਹੋ ਭਲਾ ।

ਬੰਦਾ : ਨਾਥ ਜੀ, ਫੇਰ ਸਾਡੀ ਆਸ ਮੁਰਾਦ ਕਿੱਦਾਂ ਪੂਰੀ ਹੋਊ ?

ਗਣੇਸ਼ : ਨੀਤ ਟਿਕਾਣੇ ਰੱਖੋ । (ਇਸ਼ਾਰੇ ਨਾਲ) ਚੁੱਪ !

ਅਮਲੀ : (ਅੱਖਾਂ ਬੰਦ ਕਰ ਕੇ) ਛੋਟੇ ਜੋਗੀ ਨੂੰ ਤੁਹਾਡੇ ਨਾਲ ਭੇਜਦਾ ਹਾਂ । ਇਹ ਤੁਹਾਡੇ ਘਰ ਚਲੀਹਾ ਕੱਟੇਗਾ । ਇਸ ਦੀ ਚੰਗੀ ਤਰ੍ਹਾਂ ਸੇਵਾ ਕਰਨੀ । ਜੋ ਸਾਮਗ੍ਰੀ ਮੰਗੇ ਫ਼ੌਰਨ ਹਾਜ਼ਰ ਕਰ ਦੇਣੀ । ਸ਼ਿਵ-ਸ਼ੰਭੂ ਨੇ ਚਾਹਿਆ ਤਾਂ ਤੁਹਾਡੀ ਆਸ-ਔਲਾਦ ਪੂਰੀ ਹੋਵੇਗੀ ।

[ਦੋਵੇਂ ਗਦ ਗਦ ਹੋਏ ਅਮਲੀ ਦੇ ਪੈਰ ਛੂੰਹਦੇ ਹਨ ।

ਬੰਦਾ : ਮਹਾਰਾਜ, ਸਾਨੂੰ ਅਪਣਾ ਥਾਂ-ਟਿਕਾਣਾ ਦੱਸੋ, ਲੜਕਾ ਹੋਣ ਪਿਛੋਂ ਅਸੀਂ ਮੰਨਤ ਪੂਰੀ ਕਰਨ ਲਈ ਹੱਥ ਬੰਨ੍ਹੀ ਹਾਜ਼ਰ ਹੋਵਾਂਗੇ ।

ਅਮਲੀ : ਜੋਗੀ ਸਭ ਕੁਝ ਦੱਸ ਦੇਵੇਗਾ, ਝਟ ਪਟ ਚਲੇ ਜਾਓ ।

ਗਣੇਸ਼ : (ਉਨ੍ਹਾਂ ਦੇ ਪਿੱਠ ਮੋੜਨ ਪਿਛੋਂ) ਧੰਨ ਹੋ ਗੁਰੂ ਜੀ, ਘਟ ਘਟ ਦੀ ਜਾਨਣਹਾਰ ! (ਮੁਸਕ੍ਰਾਂਦਾ ਹੋਇਆ) ਚੇਲੇ ਨੂੰ ਮਨੋਂ ਵਿਸਾਰ ਨਾ ਦੇਣਾ ।

[ਉਨ੍ਹਾਂ ਦੇ ਜਾਣ ਪਿਛੋਂ ਅਮਲੀ ਛੇਤੀ ਛੇਤੀ ਸਾਮਾਨ ਸੰਭਾਲਦਾ ਹੈ । ਸ਼ਿਵਾਲੇ ਵਿਚੋਂ ਪਹਿਲੀਆਂ ਦੋਵੇਂ ਨਾਰੀਆਂ ਨਿਕਲਦੀਆਂ ਹਨ । ਅਮਲੀ ਝਟ ਪਟ ਅੱਖਾਂ ਬੰਦ ਕਰ ਕੇ ਬੈਠ ਜਾਂਦਾ ਹੈ । ਉਹ ਅਮਲੀ ਵਲ ਤਿਰਛੀ ਝਾਕੇ ਲੰਘਣ ਲਗਦੀਆਂ ਹਨ ।]

ਅਮਲੀ : ਕਲਾ ਤੇ ਸੁੰਦਰਤਾ ਅਜ ਨਿਰੀ ਟੀਪ, ਅਸਲੋਂ ਮੁਲੰਮਾ ।

ਕਾਮਨੀ : (ਚੰਚਲਤਾ ਤੇ ਨਿਝੱਕਤਾ ਨਾਲ) ਅੱਜ ਦੇ ਨਾਥ ਜੋਗੀ ਵੀ ਪੂਰੇ ਬਗਲੇ ਭਗਤ ਨੇ ।

ਮੋਹਨੀ : ਨੀ ਬੋਲ-ਕਬੋਲ ਨਾ ਬੋਲ।

ਕਾਮਨੀ : ਦਿਸਦਾ ਨਹੀਂ, ਪਖੰਡੀ ਸਾਧ ਐ।

ਅਮਲੀ : ਨ੍ਰਿਤਕਾ, ਇਹ ਜਗਤ ਆਪਣੀ ਦ੍ਰਿਸ਼ਟੀ ਦਾ ਪਾਸਾਰਾ ਹੈ। ਕਿਆ ਮੈਂ ਤੁਹਾਨੂੰ ਪਾਖੰਡੀ ਦੀਖ ਰਿਹਾਂ ?

ਕਾਮਨੀ : (ਜੋ ਬੜੀ ਤੇਜ਼-ਤੱਰਾਰ ਹੈ) ਤੇ ਹੋਰ ਨਹੀਂ !

ਅਮਲੀ : ਮਦ-ਮੱਤੀਓ, ਤੁਹਾਡੀ ਨਜ਼ਰ ਟੇਢੀ ਹੈ। ਤੁਸੀਂ ਅਜੇ ਊਣੀਆਂ ਹੋ, ਇਸੇ ਵਾਸਤੇ ਖ਼ਾਲੀ ਭਾਂਡੇ ਵਾਂਗ ਛਲਕ ਰਹੀਆਂ ਹੋ। ਦਿਬਯ ਦ੍ਰਿਸ਼ਟੀ ਨਾਲ ਮੈਂ ਤੁਹਾਡੀ ਅਸਲੀਅਤ ਦਸ ਸਕਦਾਂ।

ਮੋਹਨੀ : (ਡਰ ਕੇ) ਜੋਗੀ ਜੀ, ਬੇ-ਅਦਬੀ ਮੁਆਫ਼ ! ਏਸ ਅੰਨ੍ਹੀ ਦੀ ਜ਼ਬਾਨ ਕੌੜੀ ਹੈ, ਜੁਆਨੀ ਦੇ ਜੋਸ਼ ਨਾਲ ਅੱਖਾਂ ਬੰਦ ਨੇ, ਇਹਦੀ ਥਾਂ ਮੈਂ ਖਿਮਾ ਮੰਗਦੀ ਹਾਂ।

ਅਮਲੀ : ਤੁਹਾਡੇ ਵੱਸ ਦੀ ਗੱਲ ਨਹੀਂ। ਸਭਨੀਂ ਪਾਸੀਂ ਅੱਜ ਝੂਠ ਫ਼ਰੇਬ ਦਾ ਪਹਿਰਾ ਹੈ। ਕੋਈ ਧਰਮ-ਨਿਆਂ ਤੇ ਨਹੀਂ ਖੜੋਤਾ। ਲੋਕਾਂ ਦੀ ਮਤ ਮਾਲੀਨ ਤੇ ਆਚਰਨ ਗਿਰ ਚੁੱਕੇ ਨੇ।

ਮੋਹਨੀ : ਠੀਕ ਕਹਿ ਰਹੇ ਹੋ, ਨਾਥ ਜੀ, ਚੌਹੀਂ ਪਾਸੀਂ ਅਗਿਆਨਤਾ ਦਾ ਹਨੇਰਾ ਹੈ।

ਅਮਲੀ : ਕਿਥੇ ਜਾ ਰਹੀਆਂ ਹੋ ?

ਮੋਹਨੀ : ਰਾਜੇ ਦਾ ਜੀਅ ਸੁਖਾਲਾ ਕਰਨ।

ਅਮਲੀ : ਪਰ ਰਾਜਾ ਅੱਜ ਸਖ਼ਤ ਪਰੇਸ਼ਾਨ ਹੈ। ਤੁਹਾਨੂੰ ਮੂੰਹ ਨਹੀਂ ਲਾਵੇਗਾ।

ਕਾਮਨੀ : ਜੋਗੀ ਜੀ ਮਹਾਰਾਜ, ਸਾਡੇ ਪਾਸ ਉਹ ਦਾਰੂ ਹੈ ਜੋ ਸਭ ਉਦਾਸੀਆਂ ਦੂਰ ਕਰ ਦਿੰਦਾ ਹੈ।

ਮੋਹਨੀ : ਨਾਥ ਜੀ, ਸਾਡੇ ਪਾਸ ਉਹ ਕਲਾ-ਬੂਟੀ ਹੈ ਜੋ ਛਿਣ ਵਿਚ ਗਮ ਭੁਲਾ ਦਿੰਦੀ ਹੈ।

ਅਮਲੀ : (ਲਾ ਕੇ) ਧੰਨ ਹੋ, ਖ਼ੁਦ ਕਸ਼ਟ ਸਹਿ ਕੇ ਧਰਤੀ ਦਾ ਭਾਰ ਹੌਲਾ ਕਰਦੀਆਂ ਹੋ।

ਮੋਹਨੀ : ਨਾਥ ਜੀ, ਸਗੋਂ ਇਹ ਧਰਤੀ ਤੁਹਾਡੇ ਵਰਗੇ ਜੋਗੀਆਂ ਦੇ ਆਸਰੇ ਖੜੋਤੀ ਹੈ।

ਅਮਲੀ : ਤੁਸੀਂ ਸੰਸਾਰ ਦਾ ਤਾਪ ਹਰਦੀਆਂ ਹੋ।

ਕਾਮਨੀ : (ਬੜੀ ਚੰਚਲਤਾ ਨਾਲ) ਜੋਗੀ ਜੀ, ਤੁਸੀਂ ਵੀ ਕਿਉਂ ਖਪ ਰਹੇ ਹੋ ? (ਨਾਲ ਲੱਗ ਕੇ) ਚਾਰ ਦਿਨ ਜ਼ਿੰਦਗੀ ਹੈ, ਐਸ਼ ਆਰਾਮ ਕਰ ਲਓ।



ਅਮਲੀ : ਜੋ ਸੁਖ ਸ਼ਿਵ-ਸ਼ਕਤੀ ਦੀ ਪੂਜਾ ਵਿਚ ਹੈ, ਉਸ ਦਾ ਭੇਦ ਤੁਸੀਂ ਵਿਸ਼-ਗੰਦਲਾਂ ਕਿਆ ਜਾਨੋ।

ਕਾਮਨੀ : ਜੋ ਅਨੰਦ ਸਾਡੀ ਨ੍ਰਿਤ-ਕਲਾ ਪ੍ਰਦਾਨ ਕਰਦੀ ਹੈ, ਉਹ ਤੁਸੀਂ ਸਤ ਜਨਮ ਨਹੀਂ ਜਾਣ ਸਕਦੇ।

ਅਮਲੀ : ਮੂਰਖ ਬਾਲਿਕਾ, ਤੂੰ ਜਨਮ ਅਕਾਰਥ ਗੁਆ ਰਹੀ ਹੈਂ।

ਕਾਮਨੀ : ਸਾਡੇ ਭਾਣੇ ਤੁਹਾਡੀ ਰੂਹ ਭਟਕ ਰਹੀ ਹੈ। ਨਾ ਇਸ ਜਨਮ ਵਿਚ ਸੁਖ ਨਾ ਅਗਲੇ ਜਹਾਨ ਵਿਚ ਚੈਨ। ਅਸੀਂ ਘਟੋ ਘਟ ਇਸ ਜਨਮ ਵਿਚ ਤਾਂ ਆਪਾ ਭੁੱਲੀ ਸੁਖ ਮਾਣ ਰਹੀਆਂ ਹਾਂ।

[ਜੋਗੀ ਦਾ ਹੱਥ ਫੜ ਕੇ ਪਲੋਸਦੀ ਹੈ।]

ਅਮਲੀ : (ਝਟਕੇ ਨਾਲ ਹੱਥ ਖਿਚ ਕੇ) ਸ਼ਿਵ ਸ਼ੰਭੂ, ਗੁਰੂ ਗੋਰਖ ਨਾਥ ! ਇਨ੍ਹਾਂ ਬਾਘਣਾਂ ਤੋਂ ਬਚਾ ! ਭੁਲ ਕੇ ਕਾਮ-ਰੂਪ ਵਿਚ ਆਣ ਫਸਿਆ ਹਾਂ। ਕੰਨ ਫੜਦਾ ਹਾਂ, ਮੁੜ ਪੈਰ ਨਹੀਂ ਪਾਵਾਂਗਾ।

[ਅੱਖਾਂ ਮੀਚ ਕੇ ਬੁਲ੍ਹ ਫਰਕਾਂਦਾ ਹੈ।]

ਕਾਮਨੀ : ਨੀ, ਇਹ ਤਾਂ ਸਚੀ-ਮੁੱਚੀਂ ਕੋਈ ਪਹੁੰਚਿਆ ਹੋਇਆ ਫ਼ਕੀਰ ਹੈ। ਦੇਖ ਕਿਦਾਂ ਕੰਬ ਰਿਹਾ। ਜ਼ਰਾ ਨਹੀਂ ਪੰਘਰਿਆ। ਮੈਂ ਤਾਂ ਅਜੇ ਤਕ ਕੋਈ ਮਰਦ ਨਹੀਂ ਦੇਖਿਆ ਜਿਹੜਾ... ...

ਮੋਹਨੀ : ਕਲਜੁਗ ਵਿਚ ਸੱਚੇ ਮਹਾਂਪੁਰਸ਼ ਵੀ ਹੈਨ, ਜਿਨ੍ਹਾਂ ਦੇ ਆਸਰੇ ਧਰਤੀ ਕਾਇਮ ਹੈ। ਨਹੀਂ ਤਾਂ ਜਿੰਨੇ ਉਪੱਦਰ ਹੁੰਦੇ ਨੇ, ਇਹ ਸੰਸਾਰ ਘੜੀ ਚਿ ਗ਼ਰਕ ਹੋ ਜਾਵੇ।

ਕਾਮਨੀ : (ਡਰ ਕੇ) ਨੀ ਕਿਤੇ ਉਹੋ ਗੁਰੂ ਪੀਰ ਤਾਂ ਨਹੀਂ, ਜਿਸ ਨੇ ਦੇਵੀ ਨੂਰਸ਼ਾਹ ਦਾ ਨਿਸਤਾਰਾ ਕੀਤਾ ਹੈ।

ਮੋਹਨੀ : ਨੀ ਉਹ ਕਿਥੇ ! ਇਹ ਤਾਂ ਵੈਰਾਗੀ ਤਿਆਗੀ ਹੈ, ਉਹ ਤਾਂ ਸੁਣਿਐ ਗ੍ਰਿਹਸਤ ਧਰਮ ਵਿਚ ਉਦਾਸ ਰਹਿਣ ਦਾ ਉਪਦੇਸ਼ ਦੇਂਦਾ ਹੈ।

ਕਾਮਨੀ : ਫੇਰ ਇਹ ਜ਼ਰੂਰ ਗੁਰੂ ਗੋਰਖ ਨਾਥ ਦਾ ਚੇਲਾ ਹੈ।

ਮੋਹਨੀ : ਜਿਸ ਗੋਰਖ ਨਾਥ ਨੇ ਆਪਣੇ ਗੁਰੂ ਮਛੰਦਰ ਨਾਥ ਨੂੰ ਸਾਡੀ ਇਕ ਭੈਣ ਹੱਥੋਂ ਛੁਡਾਇਆ ਸੀ।

ਕਾਮਨੀ : ਉਸ ਭੈਣ ਦਾ ਜਾਦੂ ਕੱਚਾ ਹੋਣਾ ਏ, ਨਹੀਂ ਤਾਂ ਕਿੱਦਾਂ ਬਚ ਨਿਕਲਦਾ।

ਮੋਹਨੀ : ਐਨਾ ਗੁਮਾਨ ਹੈ ਤੈਨੂੰ ਆਪਣੇ ਰੂਪ-ਜਾਦੂ ਦਾ ।

ਅਮਲੀ : ਗੋਰਖ ਜਤੀ ਦੀ ਜੈ ਹੋ !

ਮੋਹਨੀ : ਨਾਥ ਜੀ, ਸਾਨੂੰ ਆਗਿਆ ਦਿਓ, ਦੇਰ ਹੋ ਰਹੀ ਹੈ ।

ਅਮਲੀ : (ਬੜੀ ਸਿਆਣਪ ਨਾਲ) ਕਲਾ ਸੁੰਦਰੀਓ, ਨੇਕ ਅਮਲਾਂ ਨਾਲ ਦੁਨੀਆ ਦਾ ਕਲਿਆਣ ਕਰੋ । ਤੁਹਾਨੂੰ ਆਪਣੇ ਹੁਨਰ ਵਿਚੋਂ ਹੀ ਮੁਕਤੀ ਪ੍ਰਾਪਤ ਹੋ ਸਕਦੀ ਹੈ ।

[ਦੋਹਾਂ ਦੇ ਸਿਰਾਂ ਤੇ ਹੱਥ ਰੱਖਦਾ ਹੈ ।]

ਕਾਮਨੀ : ਨਾਥ ਜੀ, ਸਾਨੂੰ ਕੀਟਾਂ ਨੂੰ ਮਤ ਛੂਹੋ । ਅਸੀਂ ਤਾਂ ਸਮਾਜ ਦੇ ਭਰਿਸ਼ਟ ਜੀਵ ਹਾਂ ।

ਅਮਲੀ : ਸਾਡੇ ਲਈ ਸਭ ਪ੍ਰਾਣੀ ਇਕ-ਸਮਾਨ ਹਨ ।

ਮੋਹਨੀ : ਸਾਨੂੰ ਆਪਣਾ ਟਿਕਾਣਾ ਦੱਸੋ । ਅਸੀਂ ਤੁਹਾਡੇ ਮੱਠ ਵਿਚ ਜਾ ਕੇ ਜਨਮ ਸਫਲਾ ਕਰਾਂਗੀਆਂ ।

ਅਮਲੀ : ਔਰਤ ਨੂੰ ਅਸੀਂ ਟਿੱਲੇ ਲਾਗੇ ਨਹੀਂ ਫਟਕਣ ਦਿੰਦੇ । ਮਨੁੱਖ ਦੀ ਗਿਰਾਵਟ ਦਾ ਕਾਰਣ ਔਰਤ ਹੈ ।

ਕਾਮਨੀ : ਨਾਥ ਜੀ, ਅਜ ਤਾਂ ਤੁਸੀਂ ਸਾਨੂੰ ਦੁਬਿਧਾ ਵਿਚ ਪਾ ਦਿੱਤਾ ਹੈ ।

ਮੋਹਨੀ : ਚਲ ਨੀ, ਸ਼ਾਇਦ ਸਾਡੇ ਉਤੇ ਵੀ ਨੂਰਸ਼ਾਹ ਵਾਂਗ ਕਿਸੇ ਪੀਰ-ਫ਼ਕੀਰ ਦੀ ਮਿਹਰ ਹੋ ਜਾਵੇ ।

ਅਮਲੀ : (ਜਾਣ ਲਗੀਆਂ ਨੂੰ) ਤੁਹਾਨੂੰ ਇਕ ਸ਼ੁਭ ਸਿਖਸ਼ਾ ਦੇਂਦਾ ਹਾਂ । ਮੰਨੋ ਜਾਂ ਨਾ ਮੰਨੋ, ਤੁਹਾਡੀ ਖ਼ੁਸ਼ੀ ।

ਦੋਵੇਂ : ਨਾਥ ਜੀ, ਜ਼ਰੂਰ ਮੰਨਾਂਗੀਆਂ ।

ਅਮਲੀ : ਤੁਸੀਂ ਅਜ ਰਾਜੇ ਦੇ ਦਰਬਾਰ ਮਤ ਜਾਓ ।

ਕਾਮਨੀ : ਕਿੱਦਾਂ ਹੋ ਸਕਦਾ ਹੈ ?

ਮੋਹਨੀ : ਸਾਡੀ ਸ਼ਾਮਤ ਆ ਜਾਵੇਗੀ ।

ਕਾਮਨੀ : ਦਰਬਾਰੀ ਸਾਡਾ ਜੀਣਾ ਹਰਾਮ ਕਰ ਦੇਣਗੇ । ਨਾਥ ਜੀ, ਸਾਡਾ ਜੀਵਨ ਮਰਜ਼ੀ ਦਾ ਜੀਣਾ ਨਹੀਂ ।

ਅਮਲੀ : ਰਾਜੇ ਦੇ ਰਾਤ ਚੋਰੀ ਹੋ ਗਈ ਹੈ । ਚੋਰੀ ਵੀ ਰਾਣੀ ਦੇ ਕਮਰੇ ਵਿਚ ਗਹਿਣਿਆਂ ਦੀ । ਤੁਹਾਡੇ ਉਤੇ ਫ਼ੌਰਨ ਸ਼ੰਕਾ ਕੀਤਾ ਜਾਵੇਗਾ ।



ਕਾਮਨੀ : ਹੈਂ ! ਚੋਰੀ ?

ਮੋਹਨੀ : ਸਚ-ਮੁਚ !

ਕਾਮਨੀ : ਫੇਰ ਸਾਨੂੰ ਬਿਲਕੁਲ ਨਹੀਂ ਜਾਣਾ ਚਾਹੀਦਾ । ਸਾਡੇ ਤੇ ਖ਼ਾਹਮਖ਼ਾਹ ਸ਼ੱਕ ਕੀਤਾ ਜਾਵੇਗਾ ।

ਮੋਹਨੀ : (ਡਰ ਕੇ) ਆ ਛੇਤੀ ਮੁੜ ਚਲੀਏ ।

ਕਾਮਨੀ : (ਛੇਤੀ ਛੇਤੀ) ਪਰਨਾਮ ਜੋਗੀ ਜੀ ।

ਮੋਹਨੀ : ਮੱਥਾ ਟੇਕਦੇ ਆਂ ਨਾਥ ਜੀ ।

ਅਮਲੀ : (ਆਪਣੇ ਆਪ ਹੱਸਦਾ ਹੋਇਆ) ਇਨ੍ਹਾਂ ਨੇ ਮੈਨੂੰ ਸੱਚਾ ਨਾਥ ਹੀ ਸਮਝ ਲਿਆ ਹੈ । ਜੇ ਮੇਰੇ ਵਿਚ ਸੱਚ ਦੀ ਕਣੀ ਹੋਵੇ ਤਾਂ ਮੈਂ ਵੀ ਉਸ ਗੁਰੂ ਪੀਰ ਦੇ ਚਰਨੀਂ ਢਹਿ ਪਵਾਂਗਾ । ਨਹੀਂ, ਨਹੀਂ ! ਮੇਰੇ ਬੀਵੀ ਬੱਚਿਆਂ ਦਾ ਕੀ ਬਣੇਗਾ ! ਫ਼ਕੀਰੀ ਤਾਂ ਲੰਮੀ ਖਜੂਰ ਉਤੇ ਚੜ੍ਹਨ ਵਾਲਾ ਕਠਨ ਕੰਮ ਹੈ । ਕੀ ਮੈਥੋਂ ਹੋ ਸਕੇਗਾ ! (ਇਕ-ਦਮ ਸੋਚ ਕੇ) ਉਹ ! ਮੈਂ ਵੀ ਕਿੰਨਾ ਬੇਵਕੂਫ਼ ਹਾਂ । ਚੀਜ਼ ਵਸਤ ਸੰਭਾਲਾਂ, ਫੇਰ ਰਾਜੇ ਨੂੰ ਭੇਦ-ਭਰੀਆਂ ਗੱਲਾਂ ਦੱਸਾਂ । (ਮੁਸਕ੍ਰਾ ਕੇ) ਜੇ ਇਹ ਨਾ ਟਲਦੀਆਂ ਤਾਂ ਮੈਂ ਰਾਜੇ ਪਾਸ ਕਿਸ ਤਰ੍ਹਾਂ ਜਾਂਦਾ । ਇਨ੍ਹਾਂ ਮੈਨੂੰ ਪਛਾਣ ਲੈਣਾ ਸੀ ।

[ਸਾਰਾ ਸਮਾਨ ਸੰਭਾਲ ਕੇ ਛੇਤੀ ਛੇਤੀ ਜਾਂਦਾ ਹੈ । ਉਸ ਦੇ ਜਾਣ ਪਿਛੋਂ ਇਕ ਮਦਾਰੀ ਆਉਂਦਾ ਹੈ । ਉਸ ਦੇ ਨਾਲ ਇਕ ਬਾਰ੍ਹਾਂ ਕੁ ਸਾਲ ਦਾ ਲੜਕਾ ਹੈ । ਮਦਾਰੀ ਝੋਲਾ ਰੱਖ ਕੇ ਡੇਰੂ ਤੇ ਬੰਸਰੀ ਵਜਾਉਂਦਾ ਹੈ । ਘੜੀ ਪਲ ਵਿਚ ਤਮਾਸ਼ਬੀਨ ਇਕੱਠੇ ਹੋ ਜਾਂਦੇ ਹਨ ।]

ਮਦਾਰੀ : (ਝੋਲਾ ਸਾਹਮਣੇ ਰੱਖ ਕੇ ਬੈਠਦਾ ਹੋਇਆ) ਬੱਚਾ ਜਮੂਰੇ !

ਜਮੂਰਾ : ਹਾਂ ।

ਮਦਾਰੀ : ਜੋ ਕੁਛ ਪੁਛੂੰਗਾ, ਬਤਾਓਗੇ ?

ਜਮੂਰਾ : ਬਤਾਊਂਗਾ ।

ਮਦਾਰੀ : (ਝੋਲੇ ਵਿਚੋਂ ਝੁਰਲੂ ਕੱਢ ਕੇ ਹੱਥ ਵਿਚ ਲੈਂਦਾ ਹੋਇਆ) ਸੱਸ ਵੱਡੀ ਕਿ ਨੂੰਹ ?

ਜਮੂਰਾ : ਨੂੰਹ ।

ਮਦਾਰੀ : ਪਿਉ ਵੱਡਾ ਕਿ ਪੁੱਤ ?

ਜਮੂਰਾ : ਪੁੱਤ।

ਮਦਾਰੀ : ਗੁਰੂ ਵੱਡਾ ਕਿ ਚੇਲਾ ?

ਜਮੂਰਾ : ਚੇਲਾ ।

ਮਦਾਰੀ : (ਲੋਕਾਂ ਨੂੰ ਸੰਬੋਧਨ ਕਰ ਕੇ) ਬਜ਼ੁਰਗੋ, ਜਮੂਰਾ ਬਿਲਕੁਲ ਸੱਚ ਕਹਿ ਰਿਹਾ । ਚੇਲੇ ਅਜ ਗੁਰੂ ਤੋਂ ਚਾਰ ਕਦਮ ਅੱਗੇ ਨੇ । ਗੁਰੂ ਜਿਨ੍ਹਾਂ ਦੇ ਟੱਪਣੇ, ਚੇਲੇ ਜਾਣ ਛੜੱਪ । ਬੱਚਾ ਜਮੂਰੇ !

ਜਮੂਰਾ : ਹਾਂ ।

ਮਦਾਰੀ : ਗ਼ਲਤੀ ਨਾਲ ਰੂਪ ਨਗਰ ਵਿਚ ਆਣ ਫਸੇ ਹਾਂ। ਇਥੇ ਪੈਰ ਪੈਰ ਤੇ ਖ਼ਤਰਾ ਏ ।

ਜਮੂਰਾ : ਮੋੜ ਮੋੜ ਤੇ ਜਾਦੂ ਟੂਣੇ ।

ਮਦਾਰੀ : ਪਤਾ ਨਹੀਂ ਸਾਬਤ-ਸਬੂਤ ਵਾਪਸ ਮੁੜਦੇ ਆਂ ਕਿ ਨਹੀਂ ।

ਜਮੂਰਾ : ਮਦਾਰੀ, ਡਰਨ ਦੀ ਲੋੜ ਨਹੀਂ ।

ਮਦਾਰੀ : ਕਿੱਦਾਂ ?

ਜਮੂਰਾ : ਫਸੀ ਤਾਂ ਫਟਕਣ ਕੀ ।

ਮਦਾਰੀ : ਸ਼ਾਬਾਸ਼ ! ਚੰਗਾ ਹੌਸਲਾ ਬਨ੍ਹਾ ਰਿਹਾਂ । ਲਓ ਬਜ਼ੁਰਗੋ, ਪੁੱਤ ਵਾਕਿਆ ਈ ਅਜ ਵੱਡਾ ਸਿੱਧ ਹੋ ਰਿਹਾ ।

ਜਮੂਰਾ : ਮਦਾਰੀ, ਤੂੰ ਆਪਣਾ ਕਸਬ ਦਿਖਾ । ਲੋਕੀਂ ਤੇਰੀ ਮਦਦ ਕਰਨਗੇ ।

ਮਦਾਰੀ : ਬੜੀ ਨੇਕ ਸਲਾਹ ਦਿੱਤੀ ਐ । ਸਾਨੂੰ ਰਾਤ ਦੀ ਰੋਟੀ ਦਾ ਫ਼ਿਕਰ ਕਰਨਾ ਚਾਹੀਦਾ ਹੈ । ਪੇਟ ਤਾਂ ਨਾਲ ਹੈ। ਬਚਿਓ ਦੋ ਦੋ ਕਦਮ ਪਿੱਛੇ ਹਟ ਜਾਓ । ਸ਼ਾਬਾਸ਼ !

[ਬੰਸਰੀ ਤੇ ਡੌਰੂ ਵਜਾਉਂਦਾ ਹੋਇਆ ਇਕ ਗੇੜਾ ਕਟਦਾ ਹੈ ।]

ਮਦਾਰੀ : ਬੱਚਾ ਜਮੂਰੇ, ਤੂੰ ਕੁਝ ਸੁਣਿਆ ?

ਜਮੂਰਾ : ਸੁਣਨਾ ਕੀ ਹੈ, ਮੈਨੂੰ ਤਾਂ ਦਿਸਣਾ ਬੰਦ ਹੋ ਗਿਐ ।



ਮਦਾਰੀ : ਉਹ ਕਿੱਦਾਂ ?

ਜਮੂਰਾ : (ਅੱਖਾਂ ਮਲਦਾ ਹੋਇਆ) ਕਿਸੇ ਨੇ ਚੁਰਾਹੀਆ ਲਾ ਦਿੱਤਾ ।

ਮਦਾਰੀ : ਠੀਕ, ਇਥੇ ਜਾਦੂ-ਟੂਣਿਆਂ ਦਾ ਪਹਿਰਾ ਹੈ । ਜਹਾਲਤ ਦਾ ਪਸਾਰਾ ਹੈ । ਬੱਚਾ ਜਮੂਰੇ !

ਜਮੂਰਾ : ਹਾਂ ।

ਮਦਾਰੀ : ਤੂੰ ਮਾਈ ਨੂਰਸ਼ਾਹ ਦਾ ਨਾਂ ਸੁਣਿਆ ?

ਜਮੂਰਾ : ਸੁਣਿਆ ! ਮੈਨੂੰ ਉਸ ਦੇ ਨਾਂ ਤੋਂ ਹੀ ਡਰ ਲਗ ਰਿਹਾ ।

ਮਦਾਰੀ : ਕਿਉਂ ?

ਜਮੂਰਾ : ਮੈਨੂੰ ਕਿਤੇ ਮੀਢਾ ਨਾ ਬਣਾ ਦੇਵੇ ।

ਮਦਾਰੀ : ਡਰਨ ਦੀ ਉੱਕਾ ਲੋੜ ਨਹੀਂ ।

ਜਮੂਰਾ : ਉਹ ਕਿਉਂ ?

ਮਦਾਰੀ : ਨਗਰ ਵਿਚ ਨਾਨਕ ਸ਼ਾਹ ਫ਼ਕੀਰ ਵੀ ਆਏ ਹੋਏ ਨੇ ।

ਜਮੂਰਾ : (ਖ਼ੁਸ਼ ਹੋ ਕੇ) ਓਹੋ ਜਿਨ੍ਹਾਂ ਦੇ ਅਸੀਂ ਹਰਦੁਆਰ ਦਰਸ਼ਨ ਕੀਤੇ ਸਨ ?

ਮਦਾਰੀ : ਬਿਲਕੁਲ ਉਹੋ ।

ਜਮੂਰਾ : ਫਿਰ ਡਰਨ ਦੀ ਕਿਹੜੀ ਲੋੜ ਹੈ । ਅਸੀਂ ਤਾਂ ਉਹਨਾਂ ਦੇ ਗਰਾਈਂ ਹੋਏ ।

ਮਦਾਰੀ : ਉਹ ਵੀ ਸੁਲਤਾਨਪੁਰ ਲੋਧੀ ਛੱਡ ਆਏ ।

ਜਮੂਰਾ : ਅਸੀਂ ਵੀ ਸੁਲਤਾਨਪੁਰ ਲੋਧੀ ਨੂੰ ਲੱਤ ਮਾਰ ਆਏ ।

ਮਦਾਰੀ : ਉਹ ਅੱਗੇ ਅੱਗੇ, ਅਸੀਂ ਪਿੱਛੇ ਪਿੱਛੇ ।

ਜਮੂਰਾ : ਮਦਾਰੀ, ਤੂੰ ਚੁਪ ਕਿਉਂ ਹੋ ਗਿਆਂ ?

ਮਦਾਰੀ : ਮੈਂ ਸੋਚ ਰਿਹਾ ਹਾਂ ।

ਜਮੂਰਾ : ਕੀ ਸੋਚ ਰਿਹਾਂ ?

ਮਦਾਰੀ : ਟੂਣਿਆਂ ਦੀ ਇਸ ਧਰਤੀ ਤੋਂ ਬਚ ਕੇ ਨਿਕਲਣ ਦਾ ਰਾਹ ।

ਜਮੂਰਾ : ਤੈਨੂੰ ਉਪਾਅ ਦਸਾਂ ?

ਮਦਾਰੀ : ਜ਼ਰੂਰ ਦੱਸ ।

ਜਮੂਰਾ : ਗੁਰੂ ਬਾਬੇ ਦੀ ਸ਼ਰਨ ਪੈ ਜਾਓ ।

ਮਦਾਰੀ : ਬੜਾ ਸੌਖਾ ਰਾਹ ਦੱਸਿਆ ਹੈ । ਬੱਚਾ ਜਮੂਰੇ, ਅਸੀਂ ਬਹੁਤ ਭੁੱਲੇ ਰਹੇ ।

ਜਮੂਰਾ : ਉਹ ਕਿੱਦਾਂ ?

ਮਦਾਰੀ : ਜਗਤ ਗੁਰੂ ਦੀ ਕਦਰ ਅਸੀਂ ਘਰ ਵਿਚ ਨਹੀਂ ਜਾਣੀ ।

ਜਮੂਰਾ : ਇਹ ਕੋਈ ਨਵੀਂ ਗੱਲ ਨਹੀਂ।

ਮਦਾਰੀ : ਕਿਸ ਤਰ੍ਹਾਂ ?

ਜਮੂਰਾ : ਡਰ ਵੇਲੇ ਹੀ ਗੁਰੂ ਪੀਰ ਯਾਦ ਆਉਂਦਾ ਹੈ।

ਮਦਾਰੀ : ਨਹੀਂ, ਅਸੀਂ ਉਨ੍ਹਾਂ ਦੇ ਪੈਰੋਕਾਰ ਉਦੋਂ ਹੀ ਬਣ ਗਏ ਸਾਂ, ਜਦੋਂ ਗੰਗਾ ਦੇ ਕੰਢੇ ਉਨ੍ਹਾਂ ਦਾ ਕੌਤਕ ਦੇਖਿਆ ਸੀ।

ਜਮੂਰਾ : ਜਦੋਂ ਹਰਦਵਾਰ ਦੇ ਪਾਂਧਿਆਂ ਨੂੰ ਉਨ੍ਹਾਂ ਲਾਜਵਾਬ ਕੀਤਾ ਸੀ।

ਮਦਾਰੀ : ਹਾਂ ! ਬੱਚਾ ਜਮੂਰੇ, ਮੇਰੀ ਯਾਦਾਸ਼ਤ ਮਾੜੀ ਹੈ, ਅਕਲ ਮੋਟੀ ਹੈ। ਹਰਦਵਾਰ ਪਿਛੋਂ ਅਸੀਂ ਕਿਹੜੇ ਕਿਹੜੇ ਨਗਰ ਗੁਰੂ ਬਾਬੇ ਪਿਛੇ ਲਗ ਕੇ ਦੇਖੇ ?

ਜਮੂਰਾ : ਪਹਿਲਾਂ ਅਜੁਧਿਆ ਗਏ।

ਮਦਾਰੀ : ਫੇਰ ?

ਜਮੂਰਾ : ਗੁਰੂ ਬਾਬੇ ਪਿੱਛੇ ਅਸੀਂ ਬਨਾਰਸ ਦੇਖਿਆ।

ਮਦਾਰੀ : ਉਸ ਪਿਛੋਂ ?

ਜਮੂਰਾ : ਫੇਰ ਪ੍ਰਯਾਗ ਗਏ।

ਮਦਾਰੀ : ਫੇਰ ?

ਜਮੂਰਾ : ਗਯਾ ਨਗਰੀ ਦੇਖੀ।

ਮਦਾਰੀ : ਫੇਰ ?

ਜਮੂਰਾ : ਅਖ਼ੀਰ ਜਾਦੂ-ਨਗਰੀ ਵਿਚ ਆ ਧੌਣ ਫਸਾਈ।

ਮਦਾਰੀ : ਬੱਚਾ ਜਮੂਰੇ, ਤੂੰ ਬਹੁਤ ਚਤਰ ਚਲਾਕ ਹੈਂ।

ਜਮੂਰਾ : ਮੈਂ ਤੈਨੂੰ ਪਹਿਲਾਂ ਦਸਿਆ, ਤੂੰ ਮੰਨਦਾ ਨਹੀਂ ਸੀ।

ਮਦਾਰੀ : ਬਹਾਦਰ ਲੜਕੇ, ਆ ਫੇਰ ਮੇਰੇ ਸਾਹਮਣੇ ਬੈਠ। ਲੋਕਾਂ ਨੂੰ ਹੱਥ ਦਿਖਾਈਏ।

ਜਮੂਰਾ : ਜੇ ਲੋਕਾਂ ਨੇ ਹੱਥ ਦਿਖਾਏ, ਫੇਰ ?

ਮਦਾਰੀ : ਫੇਰ ਖਿਸਕ ਜਾਵਾਂਗੇ।

ਜਮੂਰਾ : ਮੈਂ ਨਹੀਂ ਬੈਠ ਸਕਦਾ।

ਮਦਾਰੀ : ਕਿਉਂ ?

ਜਮੂਰਾ : ਮੈਨੂੰ ਡਰ ਲਗਦਾ।

ਮਦਾਰੀ : ਤੂੰ, ਸ਼ੇਰ ਹੈਂ।

ਜਮੂਰਾ : ਨਹੀਂ, ਤੂੰ ਮੇਰਾ ਨਾਂ ਗ਼ਲਤ ਰਖਿਆ, ਮੈਂ ਸ਼ੇਰ ਨਹੀਂ ਗਿੱਦੜ ਹਾਂ।

ਮਦਾਰੀ : ਡਰ ਦਾ ਇਲਾਜ ਸੋਟਾ। ਆ ਫੜ ਡਾਂਗ ਸਾਹਮਣੇ ਆ।



ਜਮੂਰਾ : ਮੈਂ ਨਹੀਂ ਬੈਠ ਸਕਦਾ।

ਮਦਾਰੀ : ਕਿਉਂ ?

ਜਮੂਰਾ : ਮੇਰੀਆਂ ਲੱਤਾਂ ਕੰਬਦੀਆਂ ਨੇ।

ਮਦਾਰੀ : ਗੁਰੂ ਬਾਬੇ ਦਾ ਨਾਂ ਲੈ, ਮੈਂ ਮੰਤਰ ਪੜ੍ਹਦਾ ਹਾਂ।

[ਡੌਰੂ ਤੇ ਬੰਸਰੀ ਵਜਾਉਂਦਾ ਹੈ।]

ਜਮੂਰਾ : (ਚੀਕ਼ ਮਾਰ ਕੇ) ਓਹ ਦੇਖ !

[ਸਭ ਤਮਾਸ਼ਬੀਨ ਸ਼ਿਵਾਲੇ ਵੱਲ ਦੇਖਦੇ ਹਨ। ਨੂਰਸ਼ਾਹ ਉਪਰਲੀ ਪੌੜੀ ਉਤੇ ਪਰਗਟ ਹੁੰਦੀ ਹੈ। ਲੋਕ ਡਰਦੇ ਨਸ ਜਾਂਦੇ ਹਨ। ਬੱਚਾ ਮਦਾਰੀ ਦੀ ਲੱਤ ਨਾਲ ਚੰਬੜ ਜਾਂਦਾ ਹੈ। ਮਦਾਰੀ ਵੀ ਝੋਲਾ ਚੁਕ ਕੇ ਜਾਣ ਲਗਦਾ ਹੈ। ਨੂਰਸ਼ਾਹ ਵੱਲ ਦੇਖਦਾ ਹੈ। ਉਸ ਦੀਆਂ ਅੱਖਾਂ ਦੀ ਕਸ਼ਸ਼ ਨਾਲ ਉਸੇ ਥਾਂ ਕੀਲਿਆ ਜਾਂਦਾ ਹੈ।]

ਨੂਰਸ਼ਾਹ : ਲੋਕੋ, ਕਿਉਂ ਡਰਦੇ ਹੋ। ਮੈਂ ਤਾਂ ਤੁਹਾਡੇ ਪਿਆਰ ਦੀ ਭੁੱਖੀ ਹਾਂ। (ਆਪਣੇ ਆਪ) ਕੀ ਮੇਰੀ ਸ਼ਕਲ ਐਡੀ ਡਰਾਉਣੀ ਹੈ ਕਿ ਇਨ੍ਹਾਂ ਨੂੰ ਮੈਥੋਂ ਭੈ ਲਗਦਾ ਹੈ। ਲੋਕਾਂ ਦਾ ਵੀ ਕਿਆ ਕਸੂਰ, ਮੇਰੀਆਂ ਕਾਲੀਆਂ ਕਰਤੂਤਾਂ ਨੇ ਮੈਨੂੰ ਬਦਨਾਮ ਕੀਤਾ ਹੈ। ਇਨ੍ਹਾਂ ਵਿਚਾਰਿਆਂ ਨੂੰ ਕੀ ਪਤਾ, ਮੇਰਾ ਸਾਰਾ ਜਾਦੂ ਝੜ ਗਿਆ ਹੈ। ਗੁਰੂ ਬਾਬੇ ਨੇ ਮੇਰੇ ਮਨ ਦੇ ਕਪਾਟ ਖੋਲ੍ਹ ਦਿੱਤੇ ਨੇ। ਠਹਿਰੋ ਲੋਕੋ ! ਗੁਰੂ ਬਾਬੇ ਦੇ ਪਿਆਰ ਦਾ ਸੰਦੇਸ਼ ਸੁਣੋ, ਮੇਰੇ ਵਾਂਗ ਤੁਹਾਡੇ ਮਨਾਂ ਦਾ ਹਨੇਰਾ ਵੀ ਛੇਤੀ ਦੂਰ ਹੋ ਜਾਵੇਗਾ।

ਮਦਾਰੀ : (ਬੱਚੇ ਨੂੰ ਹੌਲੀ) ਹੌਸਲਾ ਰੱਖ।

ਨੂਰਸ਼ਾਹ : ਸੱਜਣਾ, ਤੂੰ ਕਿਥੋਂ ਦਾ ਰਹਿਣ ਵਾਲਾ ਹੈਂ ?

ਮਦਾਰੀ : (ਡਰਦਾ ਡਰਦਾ) ਪੰਜਾਬ ਦਾ।

ਨੂਰਸ਼ਾਹ : ਤੂੰ ਧੰਨ ਹੈਂ ! ਜਿਸ ਨੇ ਪੰਜਾਬ ਦੀ ਪਵਿੱਤਰ ਧਰਤੀ ਤੇ ਜਨਮ ਲਿਆ। ਨੇੜੇ ਹੋ, ਮੈਂ ਤੇਰੇ ਚਰਨਾਂ ਦੀ ਧੂੜ ਮੱਥੇ ਨੂੰ ਲਾਵਾਂ।

ਮਦਾਰੀ : ਮੈਂ ਤਾਂ ਇਕ ਗ਼ਰੀਬ ਕਸਬੀ ਹਾਂ।

ਨੂਰਸ਼ਾਹ : ਤੂੰ ਪਵਿੱਤਰ ਆਤਮਾ ਹੈਂ। ਹਜ਼ਾਰਾਂ ਪਖੰਡੀ ਸਾਧਾਂ ਨਾਲੋਂ ਉੱਚਾ। ਤੂੰ ਦਸਾਂ ਨੌਹਾਂ ਦੀ ਸੁੱਚੀ ਕਿਰਤ ਕਰਦਾ ਹੈਂ।

ਮਦਾਰੀ : ਪੇਟ ਦੀ ਖ਼ਾਤਰ ਧੰਦਾ ਪਿੱਟਦਾ ਹਾਂ।

ਨੂਰਸ਼ਾਹ : ਕੀ ਤੂੰ ਬਾਬਾ ਨਾਨਕ ਜੀ ਨੂੰ ਜਾਣਦਾ ਹੈਂ ?

ਮਦਾਰੀ : ਹਾਂ, ਚੰਗੀ ਤਰ੍ਹਾਂ।

ਨੂਰਸ਼ਾਹ : ਉਨ੍ਹਾਂ ਦਾ ਜਨਮ-ਸਥਾਨ ਵੀ ਦੇਖਿਆ ਹੈ ?

ਮਦਾਰੀ : ਹਾਂ ! ਰਾਇ ਭੋਇੰ ਦੀ ਤਲਵੰਡੀ ਮੈਂ ਕਈ ਦਫ਼ਾ ਤਮਾਸ਼ਾ ਕਰ ਆਇਆ ਹਾਂ।

ਨੂਰਸ਼ਾਹ : ਧੰਨ ਹੈ ਉਹ ਗਰਾਂ ਜਿਥੋਂ ਸੱਚ ਦਾ ਸੂਰਜ ਚੜ੍ਹਿਆ। ਉਨ੍ਹਾਂ ਲੋਕਾਂ ਨੂੰ ਪਰਨਾਮ ਜਿਨ੍ਹਾਂ ਉਨ੍ਹਾਂ ਦੇ ਦਰਸ਼ਨ ਕੀਤੇ, ਉਸ ਦਿਸ਼ਾ ਨੂੰ ਨਮਸ਼ਕਾਰ ਜਿਥੋਂ ਗਿਆਨ ਦੀ ਜੋਤ ਜਗੀ !

[ਅਪਾਰ ਸ਼ਰਧਾ ਨਾਲ ਅੱਖਾਂ ਬੰਦ ਕਰ ਕੇ ਪੱਛਮ ਵੱਲ ਨੂੰ ਸਿਰ ਝੁਕਾ ਕੇ ਨਮਸ਼ਕਾਰ ਕਰਦੀ ਹੈ। ਮਦਾਰੀ ਦਾ ਸਿਰ ਵੀ ਬਦੋਬਦੀ ਝੁਕ ਜਾਂਦਾ ਹੈ। ਪਿਛੋਕੜ ਵਿਚੋਂ ਚੜ੍ਹਦੇ ਸੂਰਜ ਦੀਆਂ ਕਿਰਨਾਂ ਅਤੇ ਧੁਨ ਸੁਣਾਈ ਦੇਂਦੀ ਹੈ।]*

ਪਰਦਾ

*ਸਤਿਗੁਰ ਨਾਨਕ ਪ੍ਰਗਟਿਆ, ਮਿਟੀ ਧੁੰਧੁ ਜਗਿ ਚਾਨਣੁ ਹੋਆ।
ਜਿਉਂ ਕਰਿ ਸੂਰਜੁ ਨਿਕਲਿਆ, ਤਾਰੇ ਛਪੇ ਅੰਧੇਰੁ ਪਲੋਆ।

## ਦੂਜੀ ਝਾਕੀ

ਸਮਾਂ : ਪਹਿਲੀ ਝਾਕੀ ਤੋਂ ਕੁਝ ਚਿਰ ਬਾਅਦ।

ਸਥਾਨ : ਰਾਜੇ ਦੇ ਮਹੱਲ ਦਾ ਬਾਹਰਵਾਰ।

ਇਕ ਸਪੇਰਾ ਬੀਨ ਵਜਾਉਂਦਾ ਆਉਂਦਾ ਹੈ। ਸ਼ਕਲ-ਸੂਰਤ ਅਤੇ ਪਹਿਰਾਵੇ ਤੋਂ ਉਹ ਸਾਫ਼ ਨਾਗ-ਬੰਸ ਨਾਲ ਸੰਬੰਧਤ ਜਾਪਦਾ ਹੈ।

ਸਪੇਰਾ : (ਬੀਨ ਬੰਦ ਕਰ ਕੇ ਪਟਾਰੀ ਵਲ ਇਸ਼ਾਰਾ ਕਰਦਾ ਹੋਇਆ) ਬਸ, ਬਸ ! ਦੜਿਆ ਰਹੁ, ਕਾਹਲਾ ਨਾ ਪਹੁ ! ਤੈਨੂੰ ਆਪਣਾ ਕਸਬ ਦਿਖਾਉਣ ਦਾ ਪੂਰਾ ਮੌਕਾ ਦੇਮਾਂਗਾ। ਮੈਂ ਜਾਣਦਾਂ, ਤੂੰ ਚੋਰੀ ਦਾ ਭੇਦ ਲੱਭਣ ਲਈ ਕਾਹਲਾ ਏਂ। ਛਤਰਧਾਰੀ, ਰਾਜੇ ਨੂੰ ਪੁੱਛੇ ਬਿਨਾਂ ਤੈਨੂੰ ਮੈਦਾਨ 'ਚ ਕਿੱਦਾਂ ਛੱਡ ਦਿਆਂ। ਮੁਦੱਈ ਸੁਸਤ ਤੇ ਗਵਾਹ ਚੁਸਤ। (ਮੰਤਰੀ ਨੂੰ ਆਉਂਦਾ ਦੇਖ ਕੇ) ਕੋਈ ਸਾਡੀ ਬਾਤ ਵੀ ਪੁੱਛੇ। (ਹੱਥ ਨਾਲ ਸਲਾਮ ਕਰਕੇ) ਸਰਕਾਰ, ਇਹ ਫਨੀਅਰ ਸੱਪ ਬੁਰੇ ਦਾ ਦੁਸ਼ਮਣ, ਭਲੇ ਦਾ ਦੋਸਤ ਹੈ। ਇਹਦਾ ਡਸਿਆ ਪਾਣੀ ਨਹੀਂ ਮੰਗਦਾ। ਜੇ ਸਰਕਾਰ ਦਾ ਹੁਕਮ ਹੋਵੇ ਤਾਂ ਛੱਡਾਂ, ਚੋਰੀ ਦਾ ਭੇਦ ਕੱਢਾਂ।

ਮੰਤਰੀ : (ਜੋ ਰਾਣੀ ਦਾ ਪੱਖੀ ਹੈ, ਸਪੇਰੇ ਨੂੰ ਚਲੇ ਜਾਣ ਦਾ ਇਸ਼ਾਰਾ ਕਰਦਾ ਹੋਇਆ) ਚਲਾ ਜਾਹ, ਤੇਰੀ ਮਦਦ ਦੀ ਕੋਈ ਲੋੜ ਨਹੀਂ।

ਸਪੇਰਾ : ਸਰਕਾਰ, ਤਿੱਖਾ ਨਾ ਬੋਲੋ, ਦੂਤੀ ਦੁਸ਼ਮਣ ਨੂੰ ਇਹ ਲੰਮੇ ਹੱਥੀਂ ਲੈਂਦਾ ਹੈ, ਮਤੇ ਜਨਾਬ ਨੂੰ ਮੇਰਾ ਵੈਰੀ ਸਮਝ ਬੈਠੇ। ਲਓ ਆਪੇ ਨਿਕਲ ਕੇ ਅੰਦਰ ਵਲ ਨੂੰ ਜਾ ਰਿਹਾ। ਚੋਰ ਮਹੱਲ ਅੰਦਰ ਹੀ ਲੁਕਿਆ ਹੋਇਐ। ਮੇਰਾ ਫਨੀਅਰ ਕਦੇ ਧੋਖਾ ਨਹੀਂ ਖਾ ਸਕਦਾ।

ਮੰਤਰੀ : (ਕੁਝ ਸਿੱਕੇ ਦੇਂਦਾ ਹੋਇਆ) ਰਾਜਾ ਜੀ ਸਖ਼ਤ ਪਰੇਸ਼ਾਨ ਹਨ, ਚੁਪ-ਚਾਪ ਚਲਾ ਜਾਹ।

ਸਪੇਰਾ : ਸਰਕਾਰ ਐਸੀ ਬੀਨ ਵਜਾਵਾਂਗਾ, ਮਹਾਰਾਜ ਖ਼ੁਸ਼ੀ ਨਾਲ ਨੱਚਣ ਲੱਗ ਜਾਣਗੇ।

ਮੰਤਰੀ : ਜਾਏਂਗਾ ਕਿ ਬੁਲਾਵਾਂ ਚੋਬਦਾਰ ਨੂੰ।

ਸਪੇਰਾ : (ਸਲਾਮ ਕਰਦਾ ਹੋਇਆ) ਤੇਰੇ ਬੱਚੇ ਜੀਣ, ਚੋਬਦਾਰ ਨੂੰ ਕਸ਼ਟ ਦੇਣ ਦੀ ਕੀ ਲੋੜ ਐ, ਖ਼ੁਦ ਚਲਾ ਜਾਂਦਾ ਹਾਂ। ਫੇਰ ਵੀ ਜੇ ਲੋੜ ਪਵੇ ਤਾਂ ਗ਼ੁਲਾਮ ਨੂੰ ਯਾਦ ਰੱਖਣਾ।

ਮੰਤਰੀ : (ਆਪਣੇ ਆਪ) ਬੜਾ ਗਾਲੜੀ ਹੈ। ਲੋਹ ਵਾਂਗ ਚੰਬੜ ਹੀ ਗਿਆ ਸੀ। ਗੱਲਾਂ ਦਾ ਹੀ ਖੱਟਿਆ ਖਾਂਦੇ ਨੇ ਇਹ ਲੋਕ।

[ਰਾਜਾ ਦਵਾਰਪਾਲ ਨੂੰ ਕੁਝ ਸਮਝਾਉਂਦਾ ਆਉਂਦਾ ਹੈ।]

ਰਾਜਾ : ਫ਼ੌਰਨ ਦੇਵੀ ਨੂਰਸ਼ਾਹ ਦੇ ਮੱਠ ਵਿਚ ਜਾਹ! ਮੇਰੇ ਵਲੋਂ ਬਿਨੈ ਕਰਨੀ ਕਿ ਸੇਵਕ ਸਖ਼ਤ ਪਰੇਸ਼ਾਨ ਹੈ। ਦੇਵੀ ਦੇ ਚਰਨਾਂ ਦੀ ਧਾਰਸ ਲੋੜਦਾ ਹੈ। ਜਲਦੀ ਆਉਣ ਦੀ ਖੇਚਲ ਕਰਨ।

ਦਵਾਰਪਾਲ : ਹੁਣੇ ਜਾਂਦਾ ਹਾਂ ਸਰਕਾਰ!

ਰਾਜਾ : ਨਿਮਰਤਾ ਸਹਿਤ ਗੱਲ ਕਰਨੀ।

ਦਵਾਰਪਾਲ : (ਝੁਕ ਕੇ) ਬਹੁਤ ਅੱਛਾ ਹਜ਼ੂਰ!

ਰਾਜਾ : (ਮੰਤਰੀ ਨੂੰ) ਬੀਨ ਕੌਣ ਵਜਾ ਰਿਹਾ ਸੀ?

ਮੰਤਰੀ : ਇਕ ਸਾਧਾਰਣ ਸਪੇਰਾ।

ਰਾਜਾ : ਉਸ ਦੀ ਬੀਨ ਦੀ ਆਵਾਜ਼ ਮੇਰੇ ਸ਼ੰਕਿਆਂ ਨੂੰ ਭੜਕਾ ਰਹੀ ਸੀ। ਮੇਰੇ ਹਿੱਕ ਅੰਦਰ ਪਲਰ ਰਹੇ ਸੱਪ ਨੂੰ ਉਕਸਾ ਰਹੀ ਸੀ।



ਮੰਤਰੀ : ਮਹਾਰਾਜ, ਉਹ ਤਾਂ ਇਕ ਮਾਮੂਲੀ ਸਪੇਰਾ ਸੀ।

ਰਾਜਾ : ਕਿਆ ਕਹਿ ਰਿਹਾ ਸੀ?

ਮੰਤਰੀ : ਜਿਵੇਂ ਬਜ਼ਾਰੀ ਸਪੇਰੇ ਗੱਲਾਂ ਮਾਰਦੇ ਹੁੰਦੇ ਨੇ—ਕੋਈ ਖ਼ਾਸ ਗੱਲ ਨਹੀਂ ਕਹੀ।

ਰਾਜਾ : ਝੂਠ ਨਾ ਬੋਲ। ਮੈਂ ਸਭ ਕੁਛ ਸੁਣਿਆ ਹੈ। ਉਸ ਨੇ ਜ਼ੋਰ ਦੇ ਕੇ ਕਿਹਾ ਹੈ ਕਿ ਚੋਰ ਮਹੱਲ ਅੰਦਰ ਹੀ ਹੈ। ਤੂੰ ਉਸ ਨੂੰ ਸੱਪ ਕਿਉਂ ਨਹੀਂ ਫੜਨ ਦਿਤਾ। ਤੈਨੂੰ ਪਤਾ ਹੈ, ਇਹ ਭੇਦ ਕਢਾਣ ਲਈ ਮੈਂ ਕਿੰਨਾ ਤਲਮਲਾ ਰਿਹਾ ਹਾਂ। ਜਾਹ ਉਸ ਨੂੰ ਬੁਲਾ ਕੇ ਲਿਆ।

ਮੰਤਰੀ : ਇਨ੍ਹਾਂ ਬਜ਼ਾਰੀ ਬੰਦਿਆਂ ਦੀਆਂ ਗੱਲਾਂ ਵਿਚ ਵਿਸ਼ਵਾਸ ਨਾ ਕਰੋ ਮਹਾਰਾਜ! ਇਹ ਮੌਕੇ ਦੀ ਗੱਲ ਸਹਿਜੇ ਹੀ ਚੁਕ ਲੈਂਦੇ ਨੇ। ਮੈਂ ਫੇਰ ਅਰਜ਼ ਕਰਦਾਂ, ਤੁਸੀਂ ਬਿਨਾਂ ਵਜ੍ਹਾ ਰਾਣੀ ਨੂੰ ਦੋਸ਼ੀ ਨਾ ਠਹਿਰਾਓ।

ਰਾਜਾ : ਮੈਨੂੰ ਪਤੈ, ਤੂੰ ਉਸ ਨੂੰ ਬੇਕਸੂਰ ਸਿੱਧ ਕਰਨ ਦਾ ਪੂਰਾ ਤਾਣ ਲਾ ਰਿਹਾ ਹੈਂ। ਮੈਨੂੰ ਯਕੀਨ ਹੁੰਦਾ ਜਾ ਰਿਹਾ ਹੈ, ਤੈਨੂੰ ਇਸ ਚੋਰੀ ਬਾਰੇ ਪੂਰਾ ਪਤਾ ਹੈ।

ਮੰਤਰੀ : ਸਵਾਮੀ ਜੀ, ਮੈਂ ਐਨੇ ਸਾਲ ਤੁਹਾਡਾ ਨਿਮਕ ਖਾਧਾ ਹੈ। ਤੁਹਾਡੀ ਜਾਤ ਜਾਂ ਰਾਜ ਭਾਗ ਵਿਰੁੱਧ ਕਦੇ ਕੋਈ ਹਰਕਤ ਨਹੀਂ ਕਰ ਸਕਦਾ।

ਰਾਜਾ : ਫੇਰ ਉਸ ਨੂੰ ਨਿਰਦੋਸ਼ ਸਿੱਧ ਕਰਨ ਦੀ ਕੋਸ਼ਿਸ਼ ਕਿਉਂ ਕਰ ਰਿਹਾਂ?

ਮੰਤਰੀ : ਮੈਂ ਕੇਵਲ ਇੰਨੀ ਬੇਨਤੀ ਕਰਦਾਂ, ਉਨ੍ਹਾਂ ਤੇ ਬਿਨਾਂ ਸਬੂਤ ਸ਼ੰਕਾ ਨਾ ਕਰੋ।

ਰਾਜਾ : ਇਹ ਦਸ, ਚੋਰ ਉਸ ਦੇ ਰਣਵਾਸ ਵਿਚ ਹੀ ਕਿਉਂ ਗਿਆ?

ਮੰਤਰੀ : ਮਾਲਿਕ! ਚੋਰ ਨੂੰ ਜਿਥੋਂ ਨਕਦ ਮਾਲ ਮਿਲੇ, ਉਥੇ ਹੀ ਪੁਜਦਾ ਹੈ।

ਰਾਜਾ : ਇਹੋ ਤਾਂ ਮੈਂ ਕਹਿ ਰਿਹਾਂ, ਚੋਰ ਦੋਹਰੀ ਮਾਰ ਤੇ ਸੀ। ਮੈਨੂੰ ਤਾਂ ਇਉਂ ਭਾਸ ਰਿਹਾ, ਰਾਣੀ ਪਦਮਾ ਨੇ ਖ਼ੁਦ ਗਹਿਣਿਆਂ ਦੀ ਪੰਡ ਬੰਨ੍ਹਾਈ ਹੈ।

ਮੰਤਰੀ : ਮਹਾਰਾਜ, ਇਸ ਦਾ ਤੁਹਾਡੇ ਪਾਸ ਕੀ ਠੋਸ ਸਬੂਤ ਹੈ?

ਰਾਜਾ : ਉਸ ਦੀ ਨਵੀਂ ਸਾੜ੍ਹੀ ਵਿਚ ਸਾਰਾ ਮਾਲ ਬੰਨ੍ਹਿਆ ਹੋਇਆ ਸੀ।

ਮੰਤਰੀ : ਸਰਕਾਰ, ਫਿਰ ਚੋਰ ਮਾਲ ਲੈ ਕੇ ਗਿਆ ਕਿਉਂ ਨਹੀਂ?

ਰਾਜਾ : ਹੋ ਸਕਦਾ ਕੋਈ ਉਪਰੋਂ ਆ ਗਿਆ ਹੋਵੇ। ਤ੍ਰੀਆ-ਚਲਿਤਰਾਂ ਨਾਲ ਉਸ ਪ੍ਰੇਮੀ ਨੂੰ ਬਾਹਰ ਕਢਾ ਦਿੱਤਾ ਹੋਵੇ। ਇਕ ਗੱਲ ਪੱਕੀ ਹੈ, ਘਰ ਦੇ ਭੇਤੀ ਤੋਂ ਬਿਨਾਂ ਕਰੜੇ ਪਹਿਰੇ ਵਿਚੋਂ ਅੱਧੀ ਰਾਤ ਸਮੇਂ ਕੋਈ ਅੰਦਰ ਨਹੀਂ ਆ ਸਕਦਾ ਸੀ।

ਮੰਤਰੀ : ਮਹਾਰਾਜ, ਮੰਨਦਾ ਹਾਂ, ਸ਼ੰਕਾ ਦੀ ਕੁੱਛ ਗੁੰਜਾਇਸ਼ ਹੈ, ਪਰ ਮੁਕੰਮਲ ਤਫ਼ਤੀਸ਼ ਹੋਣ ਤੋਂ ਪਹਿਲਾਂ ਐਨੀ ਕਰੜੀ ਸਜ਼ਾ ਦੇਣੀ ਸਰਾਸਰ ਜ਼ਿਆਦਤੀ ਹੈ।

ਰਾਜਾ : ਚਰਿਤਰ-ਹੀਨ ਔਰਤ ਨੂੰ ਮੈਂ ਇਕ ਪਲ ਬਰਦਾਸ਼ਤ ਨਹੀਂ ਕਰ ਸਕਦਾ।

ਮੰਤਰੀ : ਸਵਾਮੀ, ਕੀ ਅੱਗੇ ਵੀ ਤੁਹਾਨੂੰ ਉਨ੍ਹਾਂ ਦੇ ਆਚਰਨ ਤੇ ਕਦੇ ਸ਼ੰਕਾ ਹੋਇਆ ?

ਰਾਜਾ : ਚਲ਼ਾਕ ਔਰਤ ਮਰਦ ਨੂੰ ਬੁੱਧੂ ਬਣਾਈ ਰੱਖਦੀ ਹੈ। ਆਖਰ ਇਕ ਦਿਨ ਸਾਧ ਦਾ ਵੀ ਆ ਜਾਂਦਾ ਹੈ।

ਮੰਤਰੀ : ਮਹਾਰਾਜ, ਜਿਥੋਂ ਤਕ ਮੈਨੂੰ ਇਲਮ ਹੈ, ਰਾਣੀ ਤੁਹਾਥੋਂ ਉਲਟ ਦੁਰਗਾ ਦੀ ਉਪਾਸ਼ਕ ਹੈ। ਆਚਰਨ ਦੀ ਪਵਿੱਤਰਤਾ ਵਿਚ ਉਸ ਦਾ ਵਿਸ਼ਵਾਸ ਹੈ।

ਰਾਜਾ : (ਭੜਕ ਕੇ) ਸਭ ਫ਼ਰੇਬ, ਚਲਿਤਰ। ਔਰਤ ਦਾ ਕੋਈ ਧਰਮ ਈਮਾਨ ਨਹੀਂ ਹੁੰਦਾ।

ਮੰਤਰੀ : ਖ਼ਿਆਲਾਂ ਤੇ ਵਿਸ਼ਵਾਸ਼ਾਂ ਦੇ ਵਿਰੋਧ ਕਾਰਣ ਤੁਹਾਨੂੰ ਇਹ ਸ਼ੰਕਾ ਉਪਜਿਆ ਲਗਦਾ ਹੈ।

ਰਾਜਾ : ਉਹ ਮੇਰੇ ਜ਼ਾਤੀ ਮਾਮਲਿਆਂ ਵਿਚ ਦਖ਼ਲ ਦਿੰਦੀ ਹੈ। ਸਭ ਅਹਿਲਕਾਰਾਂ ਦੇ ਮਨਾਂ ਵਿਚ ਮੇਰੇ ਬਾਰੇ ਨਹਾਇਤ ਘਟੀਆ ਰਾਇ ਪੈਦਾ ਕੀਤੀ ਹੋਈ ਹੈ।

ਮੰਤਰੀ : ਮੇਰੇ ਪਾਸ ਤਾਂ ਤੁਹਾਡੇ ਵਿਰੁੱਧ ਕਦੇ ਇਕ ਸ਼ਬਦ ਨਹੀਂ ਬੋਲਿਆ।

ਰਾਜਾ : ਤੂੰ ਉਸ ਦੀ ਰਿਆਇਤ ਕਰ ਰਿਹਾ ਹੈਂ।

ਮੰਤਰੀ : ਸਵਾਮੀ ਜੀ, ਦੁਸ਼ਮਣ ਨੂੰ ਵੀ ਸਖ਼ਤ ਨਿਰਾਸ਼ਤਾ ਦੀ ਹਾਲਤ ਤਕ ਧਕਣਾ ਨਹੀਂ ਚਾਹੀਦਾ। ਅੰਤਹਾ ਹਾਲਤ ਵਿਚ ਵੈਰੀ ਨੂੰ ਸਗੋਂ ਸ਼ਕਤੀ ਮਿਲਦੀ ਹੈ।



ਰਾਜਾ : ਮੈਂ ਉਸ ਦਾ ਮੂੰਹ ਕਾਲਾ ਕਰ ਕੇ ਨਗਰ ਦੀਆਂ ਗਲੀਆਂ ਵਿਚ ਫਿਰਾਵਾਂਗਾ।

ਮੰਤਰੀ : ਅਜਿਹਾ ਕਿਆਸ ਕਰਨਾ ਹੀ ਬੁਰਾ ਹੈ। ਰਾਣੀ ਇਹ ਅਪਮਾਨ ਨਹੀਂ ਸਹਿ ਸਕੇਗੀ।

ਰਾਜਾ : ਮੈਨੂੰ ਇਸ ਦੀ ਕੋਈ ਪਰਵਾਹ ਨਹੀਂ। ਜਿਸ ਨੇ ਮੇਰੀ ਇੱਜ਼ਤ ਦੀ ਪਰਵਾਹ ਨਹੀਂ ਕੀਤੀ, ਮੈਨੂੰ ਉਸ ਦੇ ਸਵੈਮਾਨ ਦੀ ਕੋਈ ਚਿੰਤਾ ਨਹੀਂ।

ਮੰਤਰੀ : ਮਹਾਰਾਜ ! ਜੇ ਲੋਕਾਂ ਨੇ ਉਸ ਦੇ ਹੱਕ ਵਿਚ ਬਗ਼ਾਵਤ ਕਰ ਦਿੱਤੀ ਤਾਂ ?

ਰਾਜਾ : ਮੈਂ ਲੋਕਾਂ ਦਾ ਸਿਰ ਫੇਹ ਦਿਆਂਗਾ।

ਮੰਤਰੀ : ਤੁਹਾਡਾ ਹੁਕਮ ਰਾਣੀ ਦੇ ਕੰਨਾਂ ਤਕ ਪੁਜ ਚੁੱਕਾ ਹੈ। ਇਕ-ਅੱਧ ਦਿਨ ਉਸ ਦਾ ਰੰਗ-ਢੰਗ ਦੇਖੋ, ਸਮਾਂ ਬੜਾ ਤਾਕਤਾ ਹੈ। ਪਾਣੀ ਉਤੇ ਬਿੰਦੇ ਵਾਂਗ ਸਭ ਕੁਝ ਪ੍ਰਗਟ ਹੋ ਜਾਏਗਾ।

ਰਾਜਾ : ਇਕ ਦਿਨ ਤੇ ਇਕ ਰਾਤ ਗੁਜ਼ਰ ਚੁੱਕੀ ਹੈ। ਅਜੇ ਤਕ ਚੋਰ ਦੀ ਸੂਹ ਤਕ ਨਹੀਂ ਮਿਲੀ।

ਮੰਤਰੀ : ਸਰਕਾਰ, ਇਸ ਗੱਲੋਂ ਤਾਂ ਮੇਰੀ ਬੁੱਧੀ ਵੀ ਚਕਰਿਤ ਹੈ।

ਰਾਜਾ : ਇਹੋ ਠੋਸ ਸਬੂਤ ਹੈ। ਜੇ ਕੋਈ ਬਾਹਰਲਾ ਚੋਰ ਹੁੰਦਾ ਤਾਂ ਕਦੋਂ ਦਾ ਫੜਿਆ ਜਾਂਦਾ।

ਮੰਤਰੀ : ਇਕ ਦਿਨ ਦੀ ਮੋਹਲਤ ਹੋਰ ਦਿਓ।

ਰਾਜਾ : ਮੇਰਾ ਹੁਕਮ ਅਟੱਲ ਹੈ, ਉਸ ਨੂੰ ਕਹਿ ਦਿਓ, ਇਕ ਪਹਿਰ ਅੰਦਰ ਆਪਣੇ ਆਪ ਚਲੀ ਜਾਵੇ।

ਮੰਤਰੀ : ਇਕ ਵਾਰ ਹੋਰ ਸੋਚ ਲਓ। ਕਾਹਲ ਠੀਕ ਨਹੀਂ ਹੁੰਦੀ। ਆਖ਼ਰ ਉਹ ਵੀ ਕਿਸੇ ਰਜਵਾੜੇ ਦੀ ਧੀ ਹੈ, ਆਪਣੀ ਇੱਜ਼ਤ ਨੂੰ ਪ੍ਰਾਣਾਂ ਨਾਲ ਬਚਾਉਣ ਦਾ ਯਤਨ ਕਰੇਗੀ।

ਰਾਜਾ : ਦੁਰਗਾ ਦੇਵੀ ਦੀ ਪੁਜਾਰਨ ਜੁ ਹੋਈ।

ਮੰਤਰੀ : ਮਹਾਰਾਜ, ਇਕ ਨੇਕ ਔਰਤ ਇੱਜ਼ਤ ਤੋਂ ਬਿਨਾਂ ਜੀ ਨਹੀਂ ਸਕਦੀ।

ਗੋਲੀ : (ਝੁਕ ਕੇ) ਮਹਾਰਾਣੀ ਜੀ, ਸੇਵਾ ਵਿਚ ਹਾਜ਼ਰ ਹੋਣਾ ਚਾਹੁੰਦੇ ਨੇ।

ਰਾਜਾ : (ਗੁੱਸੇ ਨਾਲ ਭੜਕ ਕੇ) ਮੈਂ ਉਸ ਦਾ ਮਨਹੂਸ ਚਿਹਰਾ ਹਰਗਿਜ਼

ਦੇਖਣਾ ਨਹੀਂ ਚਾਹੁੰਦਾ। (ਮੰਤਰੀ ਨੂੰ) ਤੂੰ ਉਸ ਨੂੰ ਇਥੇ ਆਉਣ ਦੀ ਸ਼ਹਿ ਦਿਤੀ ਹੈ ?

ਮੰਤਰੀ : ਹਰਗਿਜ਼ ਨਹੀਂ ਮਹਾਰਾਜ।

ਰਾਜਾ : ਉਸ ਨੂੰ ਜਾ ਕੇ ਰੋਕ। ਜੇ ਉਹ ਇਥੇ ਆਈ ਤਾਂ ਮੈਂ ਗੁੱਸੇ ਵਿਚ ਕੁਝ ਕਰ ਬੈਠਾਂਗਾ। ਮਹੱਲ ਤੋਂ ਬਾਹਰ ਉਸ ਦਾ ਪਿੱਛਾ ਕਰਨ ਦਾ ਕਿਆ ਮਤਲਬ ਹੈ।

[ਰਾਜਾ ਗੁਸੇ ਨਾਲ ਜਾਣ ਲੱਗਦਾ ਹੈ। ਰਾਣੀ ਸਾਹਮਣੇ ਤੋਂ ਆਉਂਦੀ ਹੈ। ਉਹ ਇਕ-ਦਮ ਦੂਜੇ ਪਾਸੇ ਨੂੰ ਮੂੰਹ ਮੋੜ ਲੈਂਦਾ ਹੈ।]

ਰਾਣੀ : (ਮਨ ਵਿਚ) ਇਹ ਤਾਂ ਮੇਰਾ ਭਰਿਸ਼ਟ ਚਿਹਰਾ ਵੀ ਦੇਖਣਾ ਨਹੀਂ ਚਾਹੁੰਦੇ। (ਉੱਚੀ) ਸਵਾਮੀ ਜੀ, ਕੀ ਤੁਹਾਨੂੰ ਵਿਸ਼ਵਾਸ ਹੈ ਕਿ ਮੈਂ ਬਦਚਲਣ ਹਾਂ ਅਤੇ ਚੋਰੀ ਵਿਚ ਮੇਰਾ ਹੱਥ ਹੈ ?

ਰਾਜਾ : ਘਰ ਦੇ ਭੇਤੀ ਤੋਂ ਬਿਨਾਂ ਇਹ ਚੋਰੀ ਨਹੀਂ ਸੀ ਹੋ ਸਕਦੀ।

ਰਾਣੀ : ਨਾਥ ! ਕਿੰਨੀਆਂ ਵੇਸਵਾਵਾਂ ਹਾਜ਼ਰ ਸਨ ਰਾਤ ?

ਰਾਜਾ : ਮੂੰਹ ਬੰਦ ਕਰ। ਦੇਵ-ਦਾਸੀਆਂ ਨੂੰ ਕੁਬਚਨ ਬੋਲ ਰਹੀ ਹੈਂ।

ਰਾਣੀ : ਦੀਨਾ ਬੰਧੂ ! ਚਲੋ ਨਾਰ-ਸੁੰਦਰੀਆਂ ਕਹਿ ਦਿੰਦੀ ਹਾਂ। ਤੁਸੀਂ ਤਾਂ ਨਸ਼ੇ ਵਿਚ ਚੂਰ ਸਓ। ਉਹ ਪਤਾ ਨਹੀਂ ਕੀ ਕੀ ਉਪੱਦਰ ਕਰਦੀਆਂ ਰਹੀਆਂ ਹੋਣਗੀਆਂ ?

ਰਾਜਾ : ਕਲ੍ਹ ਅੱਧੀ ਰਾਤ ਸਮੇਂ ਤੂੰ ਕਿੱਥੇ ਸੀ ?

ਰਾਣੀ : ਸਵਾਮੀ ! ਜਦ ਤੁਸੀਂ ਰੰਗ-ਰਲੀਆਂ ਤੇ ਭੋਗ-ਵਿਲਾਸ ਵਿਚ ਗ੍ਰਸਤ ਸੋ ਤਾਂ ਮੈਂ ਦੇਵੀ ਅੱਗੇ ਤੁਹਾਡੀ ਸੁਖ ਸ਼ਾਂਤੀ ਲਈ ਪ੍ਰਾਰਥਨਾ ਕਰ ਰਹੀ ਸਾਂ।

ਰਾਜਾ : (ਨਫ਼ਰਤ ਨਾਲ) ਵਾਹ ! ਵਾਹ !! ਕਿਆ ਜਵਾਬ ਘੜਿਆ ਹੈ।

ਰਾਣੀ : ਮਰਦ ਨੂੰ ਸਭ ਖੁਲ੍ਹਾਂ ਨੇ, ਕੀ ਔਰਤ ਨੂੰ ਪੂਜਾ-ਪਾਠ ਕਰਨ ਦਾ ਵੀ ਅਧਿਕਾਰ ਨਹੀਂ ?

ਰਾਜਾ : ਮੇਰੇ ਲਈ ਔਰਤ ਇਕ ਖਿਡੌਣਾ ਹੈ, ਭੋਗ-ਵਿਲਾਸ ਦਾ ਸਾਧਨ ਜਾਂ ਫੇਰ ਯੁਵਰਾਜ ਪ੍ਰਾਪਤ ਕਰਨ ਦੀ......

ਰਾਣੀ : ਮੈਂ ਤੁਹਾਡੀਆਂ ਵਧੀਕੀਆਂ ਹੁਣ ਤਕ ਅਣਡਿੱਠ ਕਰਦੀ ਰਹੀ ਹਾਂ।



ਰਾਜਾ : ਮੈਂ ਤੈਨੂੰ ਚੰਦ ਘੰਟਿਆਂ ਦੀ ਮੋਹਲਤ ਹੋਰ ਦਿੰਦਾ ਹਾਂ।

ਰਾਣੀ : ਅਗਨੀ-ਪਰੀਖਿਆ ਦੇਣ ਪਿਛੋਂ ਭੀ ਮਰਦ ਨੂੰ ਯਕੀਨ ਨਹੀਂ ਆਉਂਦਾ। ਇਹੋ ਔਰਤ ਦਾ ਦੁਖਾਂਤ ਹੈ।

ਮੰਤਰੀ : ਸ਼ਾਇਦ ਫੇਰ ਵੀ ਸੀਤਾ ਤੇ ਸ਼ੰਕਾ ਕਾਇਮ ਰਹੇ।

ਰਾਜਾ : ਥੋਹੜੀ ਬਹੁਤੀ ਅਸਲੀਅਤ ਤੋਂ ਬਿਨਾਂ ਕਦੇ ਸ਼ੰਕਾ ਪੈਦਾ ਨਹੀਂ ਹੁੰਦਾ।

ਮੰਤਰੀ : ਮਹਾਰਾਣੀ ਜੀ, ਤੁਸੀਂ ਦੁਖੀ ਹੋਣ ਦੀ ਥਾਂ ਆਪਣੀਆਂ ਗੋਲੀਆਂ ਤੋਂ ਭੇਦ ਕੱਢਣ ਦਾ ਯਤਨ ਕਰੋ।

ਰਾਣੀ : (ਰੋਣ-ਹਾਕੀ ਹੁੰਦੀ ਹੋਈ) ਮੈਂ ਪੂਰੀ ਵਾਹ ਲਾ ਚੁੱਕੀ ਹਾਂ।

[ਰਾਣੀ ਅਤੀ ਦੁਖੀ ਹਾਲਤ ਵਿਚ ਜਾਂਦੀ ਹੈ। ਰਾਜੇ ਉਤੇ ਵੀ ਇਸ ਦਾ ਘੜੀ ਪਲ ਲਈ ਪ੍ਰਤੀਕਰਮ ਹੁੰਦਾ ਹੈ।]

ਦਰਬਾਨ : (ਝੁਕ ਕੇ) ਸਰਕਾਰ ! ਅਮਲੀ ਸੇਵਾ ਵਿਚ ਹਾਜ਼ਰ ਹੋਣ ਲਈ ਬੇਨਤੀ ਕਰ ਰਿਹਾ।

ਰਾਜਾ : ਆਉਣ ਦਿਓ। ਸ਼ਾਇਦ ਕੋਈ ਭੇਦ ਕੱਢ ਲਿਆਇਆ ਹੋਵੇ।

ਮੰਤਰੀ : ਅਸਲ ਚੋਰ ਫੜਿਆ ਜਾਵੇ ਤਾਂ ਕਈਆਂ ਦੀ ਜਾਨ ਸੁਖਾਲੀ ਹੋ ਸਕਦੀ ਹੈ।

ਰਾਜਾ : ਅਮਲੀ ! ਕਿਆ ਖ਼ੁਸ਼ਖ਼ਬਰੀ ਹੈ ?

ਅਮਲੀ : ਹਜ਼ੂਰ, ਐਸਾ ਟੇਢਾ ਮਾਮਲਾ ਹੈ, ਕੁਝ ਸਮਝ ਨਹੀਂ ਆਉਂਦੀ। ਗੁੰਝਲ ਸਗੋਂ ਪੀਡੀ ਹੁੰਦੀ ਜਾਂਦੀ ਹੈ।

ਰਾਜਾ : ਸ਼ੱਕੇ ਵਿਚ ਵੀ ਕੋਈ ਨਹੀਂ ਫੜਿਆ ਗਿਆ ?

ਅਮਲੀ : ਇਕ ਜੁਲਾਹਾ ਫੜਿਆ ਸੀ। ਟਾਲ-ਮਟੋਲੀਆਂ ਮਾਰਨ ਲੱਗਾ। ਮੈਂ ਛਿੱਤਰ ਝਾੜ ਕੇ ਛੱਡ ਦਿੱਤਾ।

ਰਾਜਾ : ਕਿਆ ਬਕਿਆ ਸੀ ?

ਅਮਲੀ : ਕਹਿੰਦਾ ਕਲ੍ਹ ਰਾਤ ਮੇਰੀ ਖੱਡੀ ਵਿਚ ਵੀ ਚੋਰ ਆਣ ਵੜਿਆ ਸੀ।

ਰਾਜਾ : ਫੇਰ ?

ਅਮਲੀ : ਕਹਿਣ ਲੱਗਾ, ਜਦੋਂ ਪੁੱਛ ਪ੍ਰਤੀਤ ਕੀਤੀ ਤਾਂ ਉਹ ਜੁਲਾਹੀ ਦਾ ਪ੍ਰੇਮੀ ਨਿਕਲਿਆ।

ਰਾਜਾ : (ਆਪਣੇ ਭਾਵਾਂ ਨੂੰ ਲੁਕਾਂਦਾ ਹੋਇਆ) ਬਸ, ਸਾਰੇ ਦਿਨ ਦੀ ਤਫ਼ਤੀਸ਼ ਦਾ ਇਹੋ ਨਤੀਜਾ ਨਿਕਲਿਆ ?

ਅਮਲੀ : ਸਰਕਾਰ, ਐਨੇ ਸਾਲ ਨੌਕਰੀ ਕਰਦੇ ਨੂੰ ਹੋਏ, ਐਹੋ ਜ਼ਹੀ ਕਦੇ ਨਹੀਂ ਹੋਈ । ਮੈਂ ਤਾਂ ਭੇਸ ਬਦਲ ਕੇ ਮਾਈ ਨੂਰਸ਼ਾਹ ਦੇ ਡੇਰੇ ਵੀ ਗਿਆ ਸੀ !

ਰਾਜਾ : ਫੇਰ ਉਥੇ ਕੀ ਵੇਖਿਆ ?

ਅਮਲੀ : ਸਭ ਕੁਛ ਉਲਟ-ਪੁਲਟ ਹੋਇਆ ਪਿਆ ਸੀ । ਮਾਈ ਨੂਰਸ਼ਾਹ ਹੁਣ ਉਹ ਜਾਦੂਗਰਨੀ ਨਹੀਂ ਰਹੀ ।

ਰਾਜਾ : ਖ਼ਬਰਦਾਰ, ਜੇ ਦੇਵੀ ਦੇ ਖ਼ਿਲਾਫ਼ ਇਕ ਸ਼ਬਦ ਵੀ ਬੋਲਿਆ, ਜ਼ਬਾਨ ਧੂ ਲਵਾਂਗਾ । ਉਹ ਮੇਰੀ ਮੁਰਸ਼ਦ ਹੈ ।

ਅਮਲੀ : ਖਿਮਾ ਮੰਗਦਾ ਹਾਂ, ਮਹਾਰਾਜ ! ਦੇਵੀ ਦੀ ਸ਼ਾਨ ਦੇ ਵਿਰੁੱਧ ਮੈਂ ਕੋਈ ਸ਼ਬਦ ਨਹੀਂ ਬੋਲਿਆ ।

ਰਾਜਾ : ਜਾਹ, ਜਾ ਕੇ ਕੰਮ ਨਿਬੇੜ ।

ਦਰਬਾਨ : (ਝੁਕ ਕੇ, ਖ਼ੁਸ਼ੀ ਨਾਲ) ਸਰਕਾਰ ! ਕੋਤਵਾਲ ਦੇ ਸਾਲਾ ਜੀ ਇਕ ਚੋਰ ਫੜ ਲਿਆਏ ਹਨ ।

ਰਾਜਾ : (ਖੁਸ਼ੀ ਨਾਲ ਚਮਕ ਕੇ) ਛੇਤੀ ਬੁਲਾ । (ਉਸ ਨੂੰ ਆਉਂਦਾ ਦੇਖ ਕੇ ਬੜੀ ਬੇਸਬਰੀ ਨਾਲ) ਕਿਆ ਚੋਰ ਫੜਿਆ ਗਿਆ ?

ਸਾਲਾ : ਹਾਂ ਸਰਕਾਰ ! ਅਸੀਂ ਤਨਖ਼ਾਹ ਕਿਸ ਗੱਲ ਦੀ ਲੈਂਦੇ ਹਾਂ, ਇਨਾਮੀ ਚੋਰ ਨਿਕਲਿਆ, ਸਰਕਾਰ !

ਰਾਜਾ : ਕਿਆ ਉਹ ਆਪਣਾ ਦੋਸ਼ ਮੰਨ ਗਿਆ ?

ਸਾਲਾ : ਮੰਨਦਾ ਕਿਉਂ ਨਾ । ਅਸੀਂ ਕਿਸ ਮਰਜ਼ ਦੀ ਦੁਆ ਹਾਂ । ਸਰਕਾਰ, ਪੱਕੇ ਚੋਰ ਆਸਾਨੀ ਨਾਲ ਨਹੀਂ ਮੰਨਦੇ । ਜਦੋਂ ਡੰਡਾ ਵਰ੍ਹਿਆ, ਆਪੇ ਬਕ ਪਿਆ ।

ਰਾਜਾ : ਪਹਿਰੇਦਾਰਾਂ ਨੇ ਵੀ ਕੋਈ ਸੂਹ ਦਿੱਤੀ ਹੈ ਕਿ ਨਹੀਂ ?

ਸਾਲਾ : ਉਹ ਤਾਂ ਹਜ਼ੂਰ ਇਕੋ ਗੱਲ ਰਟੀ ਜਾਂਦੇ ਐ ।

ਰਾਜਾ : ਉਹ ਕਿਆ ?

ਸਾਲਾ : ਪਈ ਅੱਧੀ ਰਾਤ ਵੇਲੇ ਇਕ ਸ਼ਰੀਫ਼ ਆਦਮੀ ਲੰਘਿਆ ਸੀ ।

ਰਾਜਾ : (ਰਾਜੇ ਦਾ ਸ਼ੰਕਾ ਚਿਹਰੇ ਤੋਂ ਪਰਗਟ ਹੁੰਦਾ ਹੈ) ਉਨ੍ਹਾਂ ਉਸ ਨੂੰ ਲੰਘਣ ਕਿਉਂ ਦਿੱਤਾ ?



ਸਾਲਾ : ਇਹੋ ਭੇਦ ਕੱਢਣ ਲਈ ਤਾਂ ਸਵੇਰ ਦੇ ਪੁੱਠੇ ਟੰਗੇ ਹੋਏ ਨੇ ।

ਰਾਜਾ : (ਮੰਤਰੀ ਵੱਲ ਭੇਦ-ਭਰੀ ਨਜ਼ਰ ਨਾਲ ਤਕਦਾ ਹੋਇਆ) ਹਰ ਗੱਲ ਮੇਰੇ ਸ਼ੰਕੇ ਨੂੰ ਪੱਕਾ ਕਰ ਰਹੀ ਹੈ ।

ਮੰਤਰੀ : ਮਹਾਰਾਜ, ਅਜੀਬ ਗੁੱਥੀ ਹੈ ਜੋ ਸਗੋਂ ਉਲਝਦੀ ਜਾਂਦੀ ਹੈ ।

ਰਾਜਾ : ਇਨਾਮੀ ਚੋਰ ਨੂੰ ਸਾਹਮਣੇ ਪੇਸ਼ ਕਰੋ ।

ਸਾਲਾ : (ਇਸ਼ਾਰੇ ਨਾਲ) ਜਲਦੀ ਲਿਆਓ ।

[ਸੰਗਲ ਨਾਲ ਜਕੜੇ ਹੋਏ ਇਕ ਬੰਦੇ ਨੂੰ ਧੂ ਕੇ ਪੇਸ਼ ਕੀਤਾ ਜਾਂਦਾ ਹੈ ।]

ਰਾਜਾ : ਸ਼ਕਲ ਤੋਂ ਹੀ ਪੱਕਾ ਚੋਰ ਲਗਦਾ ਹੈ ।

ਸਾਲਾ : ਬਕ ਓਇ ।

ਚੋਰ : ਜੀ ਹਜ਼ੂਰ, ਚੋਰੀ ਮੈਂ ਕੀਤੀ ਹੈ ।

ਰਾਜਾ : (ਪ੍ਰਸੰਨ ਹੁੰਦਾ ਹੋਇਆ) ਕਿਹੜੀਆਂ ਚੀਜ਼ਾਂ ਚੁਰਾਈਆਂ ਸਨ ?

ਚੋਰ : ਜੀ, ਰਾਣੀ ਦੇ ਸਾਰੇ ਗਹਿਣੇ ।

ਸਾਲਾ : (ਜ਼ਾਹਰਾ ਤੌਰ ਤੇ ਖ਼ੁਸ਼ ਹੁੰਦਾ ਹੋਇਆ) ਦੇਖਿਆ ਹਜ਼ੂਰ !

ਰਾਜਾ : ਮਹੱਲ ਦੇ ਕਿਹੜੇ ਕਮਰੇ ਵਿਚੋਂ ?

ਚੋਰ : ਜੀ, ਕੋਤਵਾਲ ਨੂੰ ਸਾਰੀ ਗੱਲ ਦਸ ਦਿੱਤੀ ਹੈ ।

ਸਾਲਾ : (ਇਸ਼ਾਰੇ ਨਾਲ) ਉੱਲੂ, ਖ਼ੁਦ ਕਹਿ ਦੇ, ਜੋ ਮੈਨੂੰ ਦਸਿਆ ਸੀ, ਰਾਣੀ ਜੀ ਦੇ ਸੌਣ ਵਾਲੇ ਕਮਰੇ ਵਿਚੋਂ ।

ਰਾਜਾ : ਗਹਿਣੇ ਕਿਸ ਚੀਜ਼ ਵਿਚ ਬੰਨ੍ਹੇ ਸਨ ?

ਚੋਰ : (ਘਬਰਾਹਟ ਨਾਲ ਸਾਲੇ ਵੱਲ ਦੇਖਦਾ ਹੋਇਆ) ਜਨਾਬ, ਲੱਕ ਦੀ ਚਾਦਰ ਵਿਚ ।

ਰਾਜਾ : (ਗੁੱਸੇ ਨਾਲ) ਤੈਨੂੰ ਪਤਾ, ਧੋਖੇਬਾਜ਼ੀ ਦੀ ਸਜ਼ਾ ਮੌਤ ਹੈ ?

ਚੋਰ : (ਡਰਦਾ ਹੋਇਆ) ਜੀ, ਕੋਤਵਾਲ ਨੇ ਕਿਹਾ ਸੀ, ਇਹ ਗੱਲ ਕਹਿ ਦੇ, ਤੈਨੂੰ ਮਾਫ਼ ਕੀਤਾ ਜਾਵੇਗਾ ।

ਮੰਤਰੀ : ਜਨਾਬ ! ਸਾਨੂੰ ਬੁਧੂ ਬਣਾਇਆ ਜਾ ਰਿਹਾ ਹੈ ।

ਚੋਰ : ਜਨਾਬ, ਮੈਨੂੰ ਕੁੱਟ ਕੁੱਟ ਸਿਖਾਇਆ ਗਿਆ ਹੈ । ਮੇਰੀ ਪਿੱਠ ਦਾ ਹਾਲ ਦੇਖੋ ।

ਰਾਜਾ : (ਸਾਲੇ ਨੂੰ ਘੂਰ ਕੇ ਦੇਖਦਾ ਹੋਇਆ) ਏਸ ਜਾਹਲਸਾਜ਼ ਨੂੰ ਕਾਠ ਮਾਰੋ। ਨਿਮਕ-ਹਰਾਮੀ, ਉਲਟਾ ਸਾਨੂੰ ਧੋਖਾ ਦੇ ਰਿਹਾ ਹੈਂ।

ਸਾਲਾ : ਜੀ, ਮੈਂ... ...

ਰਾਜਾ : ਲੈ ਜਾਓ ਇਸ ਨੂੰ (ਮੰਤਰੀ ਨੂੰ) ਕਿਆ ਇਹ ਸਚਮੁਚ ਕੋਤਵਾਲ ਦਾ ਸਾਲਾ ਹੈ?

ਮੰਤਰੀ : ਮੈਨੂੰ ਤਾਂ ਇਹ ਗੱਲ ਵੀ ਝੂਠੀ ਜਾਪਦੀ ਹੈ।

ਰਾਜਾ : ਪਹਿਰੇਦਾਰਾਂ ਨੂੰ ਪੇਸ਼ ਕਰੋ। ਮੈਂ ਖ਼ੁਦ ਸਾਰੀ ਗੱਲ ਨਿਤਾਰਨੀ ਚਾਹੁੰਦਾ ਹਾਂ।

ਚੋਬਦਾਰ : ਦੋਵੇਂ ਪਹਿਰੇਦਾਰ ਹਾਜ਼ਰ ਹਨ, ਮਹਾਰਾਜ!

[ਦਿਨ ਭਰ ਦੀ ਕੁਟ-ਮਾਰ ਦੇ ਫੰਡੇ ਹੋਏ ਦੋਵੇਂ ਪਹਿਰੇਦਾਰ ਸਖ਼ਤ ਨਿਢਾਲ ਹਨ। ਰਾਜੇ ਦੇ ਪੈਰਾਂ ਵਿਚ ਡਿਗ ਕੇ ਭੁਬਾਂ ਮਾਰ ਕੇ ਰੋਣ ਲੱਗ ਜਾਂਦੇ ਹਨ।]

ਪਹਿਲਾ : ਸਾਡਾ ਕੋਈ ਕਸੂਰ ਨਹੀਂ ਮਹਾਰਾਜ!

ਦੂਜਾ : ਅਸੀਂ ਉਕਾ ਨਿਰਦੋਸ਼ ਹਾਂ, ਮਾਈ ਬਾਪ!

[ਇੰਨੀ ਦੇਰ ਨੂੰ ਨੂਰਸ਼ਾਹ ਆ ਜਾਂਦੀ ਹੈ। ਰਾਜੇ ਸਮੇਤ ਸਾਰੇ ਆਦਰ ਨਾਲ ਉਠ ਖੜੇ ਹੁੰਦੇ ਹਨ।]

ਨੂਰਸ਼ਾਹ : ਰਾਜਨ, ਇਨ੍ਹਾਂ ਗ਼ਰੀਬਾਂ ਉਤੇ ਕਿਉਂ ਜ਼ੁਲਮ ਢਾ ਰਿਹਾ ਹੈਂ?

[ਰਾਜਾ ਅੱਗੇ ਹੋ ਕੇ ਪੈਰੀਂ ਹੱਥ ਲਾਉਣ ਲੱਗਦਾ ਹੈ। ਨੂਰਸ਼ਾਹ ਹੱਥ ਦੇ ਇਸ਼ਾਰੇ ਨਾਲ ਰੋਕਦੀ ਹੈ ਅਤੇ ਦੋਵੇਂ ਹੱਥ ਜੋੜ ਕੇ ਨਮਸਕਾਰ ਕਰਦੀ ਹੈ।]

ਰਾਜਾ : ਜੈ ਜਗਮਾਤਾ! ਦੇਵੀ ਦੀ ਜੈ ਹੋ!

ਨੂਰਸ਼ਾਹ : ਦੇਵੀ ਨਹੀਂ ਰਾਜਨ, ਇਕ ਲੋਕ-ਸੇਵਕਾ! ਜਨਤਾ ਦੇ ਚਰਨਾਂ ਦੀ ਧੂੜ!

ਰਾਜਾ : (ਉਸ ਦਾ ਲਹਿਜਾ, ਰੰਗ-ਢੰਗ ਦੇਖ ਕੇ ਹੈਰਾਨ ਹੁੰਦਾ ਹੋਇਆ) ਦੇਵੀ ਜੀ, ਇਹ ਕਿਆ ਫ਼ਰਮਾ ਰਹੇ ਹੋ?



ਨੂਰਸ਼ਾਹ : ਰਾਜਨ! ਮੈਂ ਪੁੱਛ ਰਹੀ ਸਾਂ, ਇਨ੍ਹਾਂ ਗ਼ਰੀਬਾਂ ਨੂੰ ਕਿਸ ਦੋਸ਼ ਬਦਲੇ ਗ੍ਰਿਫ਼ਤਾਰ ਕੀਤਾ ਗਿਆ ਹੈ?

ਰਾਜਾ : ਇਹ ਚੋਰਾਂ ਦੇ ਭਾਈਵਾਲ ਨੇ।

ਨੂਰਸ਼ਾਹ : ਰਾਜਨ! ਤੂੰ ਭੁਲੇਖੇ ਵਿਚ ਹੈਂ। ਇਹ ਗ਼ਰੀਬ ਲੋਕ ਚੋਰੀ ਨਹੀਂ ਕਰ ਸਕਦੇ। ਗ਼ਰੀਬਾਂ ਵਿਚ ਅਜੇ ਸੱਚ ਦੀ ਕਣੀ ਹੈ।

ਰਾਜਾ : ਫੇਰ ਅਸਲ ਚੋਰ ... ...

ਨੂਰਸ਼ਾਹ : ਰਾਜਨ, ਤੇਰੀ ਅਸਲ ਚੋਰ ਮੈਂ ਹਾਂ।

ਰਾਜਾ : ਦੇਵੀ ਜੀ, ਕਿਉਂ ਸ਼ਰਮਿੰਦਾ ਕਰਦੇ ਹੋ?

ਨੂਰਸ਼ਾਹ : ਰਾਜਨ, ਮੈਂ ਪਾਪਣ ਅਪਰਾਧਣ ਹਾਂ। ਪਤਾ ਨਹੀਂ ਕਿੰਨੇ ਅਨਮੋਲ ਜੀਵਨ ਮੈਂ ਨਸ਼ਟ ਕੀਤੇ ਨੇ। ਕਿੰਨੇ ਦਿਲ ਚੁਰਾਏ ਨੇ। ਕਿੰਨਿਆਂ ਨੂੰ ਰਾਹੋਂ ਕੁਰਾਹੇ ਪਾਇਆ ਹੈ। ਪਖੰਡ ਨੂੰ ਧਰਮ ਦੇ ਨਾਂ ਤੇ ਪਰਚਾਰਿਆ ਹੈ। ਵਿਸ਼ੇ-ਵਾਸ਼ਨਾ ਨੂੰ ਭੜਕਾਇਆ ਹੈ।

ਰਾਜਾ : ਇਹ ਤੁਹਾਡੀ ਨਿਰਮਾਣਤਾ ਹੈ।

ਨੂਰਸ਼ਾਹ : ਸੱਜਨ ਪੁਰਸ਼, ਮੈਂ ਉਹ ਨੂਰਸ਼ਾਹ ਨਹੀਂ ਰਹੀ, ਮੇਰਾ ਕਾਲਾ ਜਾਦੂ ਟੁੱਟ ਗਿਆ ਹੈ।

ਰਾਜਾ : ਮੇਰੇ ਲਈ ਤੁਸੀਂ ਪੂਜਨੀਕ ਹਸਤੀ ਹੋ।

ਨੂਰਸ਼ਾਹ : ਮੈਨੂੰ ਆਪਣੇ ਬਾਰੇ ਕੋਈ ਭੁਲੇਖਾ ਨਹੀਂ ਰਿਹਾ। ਮੇਰਾ ਮਾਣ ਟੁੱਟ ਚੁੱਕਾ ਹੈ। ਮੈਂ ਇਕ ਕਾਮਲ ਮੁਰਸ਼ਦ ਦੀ ਚੇਲੀ ਬਣ ਗਈ ਹਾਂ।

ਰਾਜਾ : ਦੇਵੀ, ਅਜਿਹੇ ਬਚਨ ਨਾ ਬੋਲੋ। ਜ਼ਿੰਦਗੀ ਪ੍ਰਤੀ ਮੇਰਾ ਵਿਸ਼ਵਾਸ ਅੱਗੇ ਹੀ ਡੋਲਿਆ ਹੋਇਆ ਹੈ। ਦਿਲ ਨੂੰ ਹੋਰ ਸੱਟਾਂ ਨਾ ਮਾਰੋ। ਜਿਹੜਾ ਰਾਜਾ ਆਪਣੇ ਘਰ ਦੀ ਚੋਰੀ ਨਹੀਂ ਕਢਾ ਸਕਦਾ, ਉਹ ਰਾਜ ਕਰਨ ਦਾ ਅਧਿਕਾਰੀ ਨਹੀਂ ਹੋ ਸਕਦਾ।

ਨੂਰਸ਼ਾਹ : (ਗਹੁ ਨਾਲ ਦੇਖਦੀ ਹੋਈ) ਅੱਜ ਤੂੰ ਮੈਨੂੰ ਸਖ਼ਤ ਦੁਖੀ ਲਗ ਰਿਹਾ ਹੈਂ। ਘਬਰਾ ਨਾ, ਦੁੱਖ ਸਰਬ-ਵਿਆਪਕ ਹੈ। ਮੇਰੇ ਗੁਰੂ ਦਾ ਫ਼ਰਮਾਨ ਹੈ:

"ਨਾਨਕ ਦੁਖੀਆ ਸਭੁ ਸੰਸਾਰੁ ॥
ਮੰਨੇ ਨਾਉ ਸੋਈ ਜਿਣਿ ਜਾਇ ॥
ਅਉਰੀ ਕਰਮ ਨ ਲੇਖੈ ਲਾਇ ॥"

ਰਾਜਾ : ਦੇਵੀ, ਭਾਰੀ ਦੁੱਖ ਦੀ ਗੱਲ ਹੈ ਕਿ ਮੇਰੀ ਇੱਜ਼ਤ ਨੂੰ ਘਰੋਂ ਸੰਨ੍ਹ ਲੱਗੀ ਹੈ। ਮੈਨੂੰ ਨਿਸਚਾ ਹੋ ਗਿਆ ਹੈ ਕਿ ਚੋਰੀ ਵਿਚ ਰਾਣੀ ਪਦਮਾਵਤ ਦਾ ਹੱਥ ਹੈ।

ਨੂਰਸ਼ਾਹ : ਰਾਜਨ, ਤੂੰ ਹਨ੍ਹੇਰੇ ਵਿਚ ਹੱਥ ਮਾਰ ਰਿਹਾ ਹੈਂ। ਈਰਖਾ ਦੀ ਅੱਗ ਵਿਚ ਸੜ ਰਿਹਾ ਹੈਂ। ਬਹੁਤ ਨੀਵੀਂ ਅਵਸਥਾ ਵਿਚ ਵਿਚਰ ਰਿਹਾ ਹੈਂ।

ਰਾਜਾ : ਜ਼ਿੰਦਗੀ ਦਾ ਆਖ਼ਰੀ ਸਹਾਰਾ ਧਰਮ ਹੁੰਦਾ ਹੈ; ਦੇਵੀ, ਤੂੰ ਅੱਜ ਉਹ ਵੀ ਭੁਲਾ ਦਿੱਤਾ ਹੈ। ਮੇਰਾ ਮਨ ਸਗੋਂ ਡਾਵਾਂ-ਡੋਲ ਕਰ ਦਿੱਤਾ ਹੈ। ਮੇਰਾ ਮਨ ਐਨਾ ਵੈਰਾਗਮਈ ਹੋ ਗਿਆ ਹੈ ਕਿ ਰਾਜ ਭਾਗ ਤਿਆਗ ਕੇ ਜੰਗਲਾਂ ਵਿਚ ਨਸਣ ਲਈ ਤਿਆਰ ਹਾਂ।

ਨੂਰਸ਼ਾਹ : ਸਖ਼ਤ ਭੁੱਲ ਕਰੇਂਗਾ।

ਰਾਜਾ : ਮੇਰੇ ਮਨ ਉਤੇ ਮੈਲ ਤੇ ਧੁੰਧ ਛਾ ਗਈ ਹੈ। (ਉਸ ਵਲ ਇਸ਼ਾਰਾ ਕਰਦਾ ਹੋਇਆ) ਚਾਨਣ ਦੀ ਇਕ ਲੀਕ ਦਿਸਦੀ ਸੀ, ਉਹ ਵੀ ਦਿਸਣੀ ਬੰਦ ਹੋ ਗਈ ਹੈ।

ਨੂਰਸ਼ਾਹ : ਗੁਰੂ ਬਹੁੜੀ ਕਰੇਗਾ, ਨਿਸਚਾ ਨਾ ਡੁਲਾ।

ਰਾਜਾ : ਗੁਰੂ ਆਪ ਆਪਣੇ ਰਾਹ ਤੋਂ ਭਟਕ ਗਈ ਹੈ।

ਨੂਰਸ਼ਾਹ : ਮੈਂ ਜਿਸ ਰਾਹ ਤੇ ਪੈ ਗਈ ਹਾਂ, ਤੈਨੂੰ ਵੀ ਉਸ ਆਤਮਕ ਮਾਰਗ ਤੇ ਪੁਚਾਵਾਂਗੀ। ਉਸ ਕਾਮਲ ਮੁਰਸ਼ਦ ਦੇ ਚਰਨੀਂ ਪੁਆਵਾਂਗੀ।

ਰਾਜਾ : ਕੌਣ ਹੈ ਉਹ ਪੀਰ ?

ਨੂਰਸ਼ਾਹ : (ਅੱਖਾਂ ਬੰਦ ਕਰ ਕੇ) ਮਹਾਨ ਗੁਰੂ, ਜਿਸ ਨੇ ਮੇਰੇ ਮਨ ਦੀਆਂ ਅੱਖਾਂ ਖੋਲ੍ਹੀਆਂ ਨੇ, ਸੁੱਤੀ ਆਤਮਾ ਨੂੰ ਪ੍ਰਜਵਲਤ ਕੀਤਾ ਹੈ।

ਰਾਜਾ : ਤੁਹਾਡੇ ਨਾਲੋਂ ਵੀ ਭਾਰਾ ਹੋਰ ਕੋਈ ਜਾਦੂਗਰ ਹੈ ?

ਨੂਰਸ਼ਾਹ : ਉਸ ਪਾਸ ਰੂਹ ਖਿੜਾ ਦੇਣ ਵਾਲਾ ਨਾਮ-ਰੂਪੀ ਜਾਦੂ ਹੈ।

ਰਾਜਾ : ਹਾਲ ਦੀ ਘੜੀ ਤਾਂ ਮੇਰਾ ਮਨ ਤੁਸਾਂ ਹੋਰ ਦੁਬਿਧਾ ਵਿਚ ਪਾ ਦਿੱਤਾ ਹੈ।

ਨੂਰਸ਼ਾਹ : ਗਿਆਨ ਦੀ ਅੱਖ ਖੁਲ੍ਹਣ ਨਾਲ ਤੇਰੀ ਭਟਕਣ ਮਿੱਟ ਜਾਵੇਗੀ।

ਰਾਜਾ : (ਅਤੀ ਨਿਰਾਸ਼ ਹੁੰਦਾ ਹੋਇਆ) ਇਸ ਵੇਲੇ ਤਾਂ ਤੁਸੀਂ ਮੇਰਾ ਨਿਸ਼ਚਾ ਹੋਰ ਵੀ ਥਿੜਕਾ ਦਿੱਤਾ ਹੈ। ਮੈਨੂੰ ਤਾਂ ਇਹ ਜੀਵਨ ਅਕਾਰਥ ਜਾਪਦਾ ਹੈ। ਛਲ ਕਪਟ ਤੋਂ ਬਿਨਾਂ ਕੁਛ ਦਿਖਾਈ ਨਹੀਂ ਦਿੰਦਾ।



ਮੈਨੂੰ ਪੀਰ ਫ਼ਕੀਰ ਕੋਲ ਲਿਜਾਣ ਦੀ ਕੀ ਲੋੜ ਹੈ ? ਮੈਂ ਤਾਂ ਅੱਗੇ ਹੀ ਫ਼ਕੀਰ ਬਣੀ ਬੈਠਾ ਹਾਂ, ਗੋਪੀ ਚੰਦ ਭਰਥਰੀ ਹਰੀ ਦੇ ਰਾਹ ਚੱਲਣ ਲਈ।

ਨੂਰਸ਼ਾਹ : ਕਿਆ ਰਾਣੀ ਦੇ ਚਰਿਤਰ ਤੋਂ ਤੇਰਾ ਮਨ ਡੋਲ ਗਿਆ ਹੈ ?

ਰਾਜਾ : ਹਾਂ ਦੇਵੀ, ਮੁੱਖ ਕਾਰਨ ਇਹੋ ਹੈ।

ਨੂਰਸ਼ਾਹ : ਤੂੰ ਆਪਣੇ ਮਲੀਨ ਮਨ ਦੇ ਧੁੰਧਲੇ ਸ਼ੀਸ਼ੇ ਥਾਣੀਂ ਸਭ ਕੁਛ ਦੇਖ ਰਿਹਾ ਹੈ।

ਰਾਜਾ : ਮੇਰਾ ਮਨ ਕਰੋਧ, ਈਰਖਾ ਤੇ ਬਦਲੇ ਦੀ ਅੱਗ ਵਿਚ ਸੜ-ਭੁਜ ਰਿਹਾ ਹੈ।

ਨੂਰਸ਼ਾਹ : ਕਿਆ ਤੂੰ ਸਾਰੇ ਰਾਜ ਨੂੰ ਉਸ ਅਗਨੀ ਵਿਚ ਝੁਲਸਣਾ ਚਾਹੁੰਦਾ ਹੈਂ ?

ਰਾਜਾ : ਮੇਰੇ ਲਈ ਹਕੂਮਤ ਤੇ ਜ਼ਿੰਦਗੀ ਕੁਛ ਅਰਥ ਨਹੀਂ ਰਖਦੇ।

ਨੂਰਸ਼ਾਹ : ਔਰਤ ਨੂੰ ਤੂੰ ਕਿਉਂ ਐਨਾ ਨੀਚ ਸਮਝਦਾ ਹੈਂ ?

ਰਾਜਾ : ਮੇਰੀ ਗਿਰਾਵਟ ਦਾ ਉਹ ਕਾਰਨ ਬਣੀ ਹੈ।

ਨੂਰਸ਼ਾਹ : ਰਾਜਨ ! ਤੇਰੀ ਦ੍ਰਿਸ਼ਟੀ ਦਾ ਕਸੂਰ ਹੈ। ਉਹ ਔਰਤ ਜੋ ਰਾਜੇ ਮਹਾਰਾਜੇ, ਜੋਧਿਆਂ ਨੂੰ ਜਨਮ ਦਿੰਦੀ ਹੈ, ਨਿੰਦਣ ਯੋਗ ਨਹੀਂ ਹੋ ਸਕਦੀ। ਗੁਰੂ ਦਾ ਬਚਨ ਹੈ :

"ਸੋ ਕਿਉ ਮੰਦਾ ਆਖੀਐ, ਜਿਤੁ ਜੰਮਹਿ ਰਾਜਾਨ ॥"

ਰਾਜਾ : ਦੇਵੀ, ਤੇਰੇ ਕਰਤਵਾਂ ਤੋਂ ਹੀ ਮੇਰੀ ਇਹ ਧਾਰਨਾ ਬਣੀ ਸੀ।

ਨੂਰਸ਼ਾਹ : ਮੈਂ ਖ਼ੁਦ ਗੁਮਰਾਹ ਰਹੀ ਹਾਂ। ਪਰ ਤੇਰੀ ਹਾਲਤ ਠੀਕ ਬਹੁਤ ਤਰਸ-ਯੋਗ ਹੈ। ਪਰਮਾਤਮਾ ਬਹੁੜੀ ਕਰੇਗਾ।

ਰਾਜਾ : ਉਦੋਂ ਤਕ ਸ਼ਾਇਦ ਮੇਰੀ ਕੀ ਹਾਲਤ ਹੋਵੇ।

[ਮਹੱਲ ਅੰਦਰ ਇਕ-ਦਮ ਰੋਣ ਦੀ ਅਵਾਜ਼ ਆਉਂਦੀ ਹੈ। ਜਿਵੇਂ ਕਿਸੇ ਦੀ ਮੌਤ ਤੇ ਪਹਿਲੀਆਂ ਚੀਕਾਂ-ਪੁਕਾਰਾਂ ਹੁੰਦੀਆਂ ਹਨ।]

ਰਾਜਾ : ਹੈਂ ! ਇਹ ਕਿਆ ਹੋਇਆ ?

ਗੋਲੀ : (ਸਾਹੋ ਸਾਹ) ਮਹਾਰਾਜ ! ਮਹਾਰਾਜ !! ਰਾਣੀ ਨੇ ਆਤਮ-ਹੱਤਿਆ ਕਰ ਲਈ !

ਰਾਜਾ : ਕਿਸ ਤਰ੍ਹਾਂ ?

ਗੋਲੀ : ਸ਼ਾਇਦ ਹੀਰਾ ਚੱਟ ਕੇ, ਕੁੰਡਾ ਅੰਦਰੋਂ ਬੰਦ ਹੈ।

[ਮੰਤਰੀ ਤੇ ਹੋਰ ਅਹਿਲਕਾਰ ਅੰਦਰ ਨੂੰ ਭਜਦੇ ਹਨ।]

ਰਾਜਾ : ਇਕ ਹੋਰ ਝਟਕਾ ! ਮੇਰੇ ਪਾਗਲ ਹੋਣ ਵਿਚ ਜਿਹੜੀ ਕਸਰ ਬਾਕੀ ਸੀ, ਉਹ ਪੂਰੀ ਹੋਣ ਲੱਗੀ ਹੈ।

[ਥੱਲੇ ਬੈਠ ਜਾਂਦਾ ਹੈ।]

ਨੂਰਸ਼ਾਹ : (ਉਸ ਨੂੰ ਦਿਲਾਸਾ ਦਿੰਦੀ ਹੋਈ) ਰਾਜਾ, ਹੁਣ ਰੱਬ ਦਾ ਭਾਣਾ ਮੰਨ, ਦਿਲ ਤਕੜਾ ਕਰ। ਮਨੁੱਖ ਕਸ਼ਟਾਂ ਵਿਚ ਹੀ ਪਰਖਿਆ ਜਾਂਦਾ ਹੈ।

[ਅੰਦਰੋਂ ਸ਼ਹਿਨਾਈ ਦੀ ਮਾਤਮੀ ਧੁੰਨ ਸੁਣਾਈ ਦਿੰਦੀ ਹੈ।]

**ਪਰਦਾ**

## ਤੀਜੀ ਝਾਕੀ

ਇਕ ਪਹਾੜੀ ਮੋੜ ਤੇ ਦੋ ਹੱਟੇ-ਕੱਟੇ ਸਾਧੂ ਬੇਸਬਰੀ ਨਾਲ ਕਿਸੇ ਦੀ ਉਡੀਕ ਕਰ ਰਹੇ ਹਨ। ਰੰਗ-ਢੰਗ ਤੋਂ ਉਹ ਜੋਗੀਆਂ ਦੇ ਵਖੋ ਵਖ ਫ਼ਿਰਕਿਆਂ ਨਾਲ ਸੰਬੰਧਤ ਜਾਪਦੇ ਹਨ। ਇਕ ਆਘੋਰ ਪੰਥੀ ਹੈ ਅਤੇ ਦੂਜਾ ਕਪਾਲਕ ਲਗਦਾ ਹੈ। ਇਕ ਦੇ ਹੱਥ ਵਿਚ ਖੱਪਰ ਹੈ ਅਤੇ ਦੂਜੇ ਦੇ ਮਨੁੱਖ ਦੀ ਖੋਪਰੀ।

ਆਘੋਰ : ਭੁੱਖ ਨਾਲ ਜਾਨ ਨਿਕਲ ਰਹੀ ਹੈ। ਕੋਈ ਭਗਤ ਅੱਜ ਨਹੀਂ ਬਹੁੜਿਆ।

ਕਪਾਲਕ : ਭਗਤਾਂ ਦਾ ਕਾਲ ਪੈਂਦਾ ਜਾਂਦਾ ਹੈ।

ਆਘੋਰ : ਤੀਰਥ (ਸ਼ਰਾਬ) ਦਾ ਵੀ ਰਾਤ ਭੋਗ ਪੈ ਗਿਆ, ਹੋਰ ਵੀ ਸੰਕਟ ਹੈ।

ਕਪਾਲਕ : ਆਪਣੇ ਚੇਲੇ ਬਾਲਕੇ ਵੀ ਅਜੇ ਕੱਚੇ-ਪਿੱਲੇ ਹੈਨ।

ਆਘੋਰ : ਕਿਸੇ ਰਮਤੇ ਸਾਧੂ ਦੇ ਕਾਬੂ ਨਾ ਆ ਗਏ ਹੋਣ।

ਹੱਠਜੋਗੀ : ਹਠ ਧਾਰੋ, ਬਿਰਤੀਆਂ ਇਕਾਗਰ ਕਰੋ। ਭੁੱਖ ਦਾ ਦੁੱਖ ਅਨੁਭਵ ਨਹੀਂ ਹੋਵੇਗਾ।

ਆਘੋਰ : ਅਸੀਂ ਦੁਨੀਆ ਤਿਆਗੀ ਹੈ, ਪੇਟ ਤਾਂ ਨਾਲ ਹੈ ।

ਕਪਾਲਕ : ਵਿਸ਼ੇ-ਵਾਸ਼ਨਾ ਦੀ ਪੂਰਤੀ ਨਾਲ ਮਨ ਪ੍ਰਸੰਨ ਕਰਨਾ ਹੈ ।

ਹੱਠਜੋਗੀ : ਮਨ ਠਿਕਾਣੇ ਲਿਆਉਣ ਲਈ ਕੋਈ ਬਚਨ-ਬਿਲਾਸ ਕਰੋ ।

ਆਘੋਰ : ਤੂੰ ਹੱਠ ਧਾਰੀ ਰਖ, ਸਾਥੋਂ ਭੁੱਖਿਆਂ ਮਨ ਨਹੀਂ ਜੁੜਦਾ ।

ਹੱਠਜੋਗੀ : ਹੌਲੀ ਬੋਲੋ, ਕੋਈ ਤੁਹਾਡੀ ਬਕਵਾਸ ਨਾ ਸੁਣ ਲਵੇ ।

ਆਘੋਰ : ਢਕਿਆ ਰਹੁ, ਤੇਰੇ ਹੱਠ-ਯੋਗ ਦਾ ਵੀ ਮੈਨੂੰ ਪਤਾ ਹੈ ।

ਹੱਠਜੋਗੀ : (ਗੁੱਸੇ ਨਾਲ ਚਿਮਟਾ ਉਘਰ ਕੇ) ਕਿਆ ਬਕਿਆ ਹੈਂ ?

ਕਪਾਲਕ : ਤੈਨੂੰ ਤੀਰਥ ਦੀ ਤੋਟ ਜਾਪਦੀ ਹੈ । ਕ੍ਰੋਧ ਤੇਰੇ ਤੇ ਭਾਰੂ ਹੈ ।

ਆਘੋਰ : ਮਨ ਮਾਰਨ ਨਾਲ ਆਪਾ ਜਿੱਤਣਾ ਮੁਸ਼ਕਲ ਹੈ ।

ਹੱਠਜੋਗੀ : ਭੈਰੋ ਨਾਥ ਦੀ ਜੈ ਹੋ ! ਆ ਤੈਨੂੰ ਆਪੇ ਦੀ ਜਿੱਤ ਦਿਖਾਵਾਂ ।

ਕਪਾਲਕ : ਭਲਿਓ ਲੋਕੋ, ਚੁਪ ਹੋ ਜਾਓ, ਕੋਈ ਆ ਰਿਹਾ ਹੈ । ਸਮਾਧੀਆਂ ਲਾ ਲਵੋ ।

[ਹੱਠ ਜੋਗੀ ਆਸਣ ਲਾ ਕੇ ਬੈਠ ਜਾਂਦਾ ਹੈ । ਆਘੋਰ ਤੇ ਕਪਾਲਕ ਅੱਖਾਂ ਬੰਦ ਕਰ ਕੇ ਬੈਠ ਜਾਂਦੇ ਹਨ ।]

ਚੇਲਾ : ਜੈ ਸ਼ਿਵ ਸ਼ਕਤੀ ! ਮਹਾਕਾਲੀ ਦੀ ਜੈ ਹੋ !

ਹੱਠਜੋਗੀ : ਭੈਰਵਨਾਥ ਕਿੱਥੇ ਹੈ ?

ਚੇਲਾ : ਉਹ ਤੁਹਾਡੇ ਹੱਥੋਂ ਗਿਆ ।

ਹੱਠਜੋਗੀ : ਕਿਆ ਕਿਹਾ ?

ਚੇਲਾ : ਉਸ ਨੇ ਗੁਰੂ ਧਾਰਨ ਕਰ ਲਿਆ ।

ਹੱਠਜੋਗੀ : ਕੌਣ ਹੈ ਮੇਰੇ ਚੇਲੇ ਨੂੰ ਵਰਗਲਾਉਣ ਵਾਲਾ ?

ਚੇਲਾ : ਤੁਸੀਂ ਇਥੇ ਸਮਾਧੀਆਂ ਲਾਈ ਬੈਠੇ ਹੋ ? ਨਗਰ ਵਿਚ ਉਥਲ-ਪੁਥਲ ਹੋ ਗਈ ਹੈ ।

ਆਘੋਰ : ਕਿਆ ਭਾਣਾ ਵਰਤ ਗਿਆ ਹੈ ?

ਚੇਲਾ : ਪੰਜਾਬ ਤੋਂ ਇਕ ਗੁਰੂ ਆਇਆ ਹੋਇਆ ਹੈ । ਉਸ ਨੇ ਨੂਰਸ਼ਾਹ ਦਾ ਜਾਦੂ ਤੋੜ ਦਿੱਤਾ ਹੈ । ਨਰ-ਨਾਰੀ ਉਸ ਦੇ ਮਗਰ ਇਸ ਤਰ੍ਹਾਂ ਲਗ ਗਏ ਨੇ ਜਿਵੇਂ ਰੌਸ਼ਨੀ ਦੁਆਲੇ ਪਤੰਗੇ ।

ਹੱਠਜੋਗੀ : ਪਰਾਤਾਕਾਲ ਸਮੇਂ ਮੇਰੀ ਬਿਰਤੀ ਉਖੜ ਉਖੜ ਜਾਂਦੀ ਸੀ, ਮੈਂ ਕੀ ਜਾਣਾਂ ਧਰਤੀ ਉਤੇ ਕੋਈ ਭਾਰੀ ਉਪੱਦਰ ਹੋ ਰਿਹਾ ਹੈ ।



ਆਘੋਰ : ਤੜਕਸਾਰ ਮੇਰਾ ਆਸਣ ਵੀ ਡੋਲਿਆ ਸੀ ।

ਹੱਠਜੋਗੀ : ਕੈਸਾ ਫ਼ਕੀਰ ਹੈ ਉਹ ?

ਚੇਲਾ : ਦੇਖਣ ਨੂੰ ਤਾਂ ਸਾਧਾਰਣ ਹੈ, ਪਰ ਉਸ ਦੀ ਜ਼ਬਾਨ ਵਿਚ ਅਸਚਰਜ ਰਸ ਹੈ । ਉਸ ਦੀ ਸੂਰਤ ਵਿਚ ਅਜੀਬ ਖਿੱਚ ਹੈ । ਭਾਰੀ ਵਿਦਵਾਨ ਲਗਦਾ ਹੈ । ਲੋਕੀ ਧੜਾ-ਧੜ ਉਸ ਦੇ ਸ਼ਿਸ਼ ਬਣ ਰਹੇ ਹਨ ।

ਕਪਾਲਕ : ਹੈਂ ! ਅਸੀਂ ਤਾਂ ਫੇਰ ਇਕੇ ਭੁੱਖੇ ਮਰ ਜਾਵਾਂਗੇ ।

ਚੇਲਾ : ਜੇ ਤੁਸੀਂ ਛੇਤੀ ਕੋਈ ਉਪੱਾ ਨਾ ਕੀਤਾ ਤਾਂ ਹਾਲਤ ਬਹੁਤ ਵਿਗੜ ਜਾਵੇਗੀ । ਉਹ ਤੁਹਾਨੂੰ ਗੰਦੇ, ਮਲੀਨ, ਭੇਖੀ-ਪਾਖੰਡੀ ਕਹਿ ਰਿਹਾ ਹੈ । ਤੁਹਾਡੇ ਕਰਤੱਵਾਂ ਨੂੰ ਭੰਡ ਰਿਹਾ ਹੈ ।

[ਇਕ ਹੋਰ ਜੋਗੀ ਆਉਂਦਾ ਹੈ ।]

ਹੱਠਜੋਗੀ : ਓ ਕੂੰਡਾ-ਪੰਥੀ, ਤੂੰ ਨਸ਼ੇ ਵਿਚ ਮਸਤ ਹੈਂ ! ਪੰਜਾਬ ਤੋਂ ਇਕ ਫ਼ਕੀਰ ਨੇ ਆ ਕੇ ਰੂਪ-ਨਗਰ ਨੂੰ ਕਰੂਪ ਕਰ ਦਿੱਤਾ ਹੈ ।

ਆਘੋਰ : ਭੋਲੇ ਭਾਲੇ ਲੋਕਾਂ ਨੂੰ ਕੁਰਾਹੇ ਪਾ ਰਿਹਾ ਹੈ ।

ਕੂੰਡਾਪੰਥੀ : ਹੈਂ ! ਸਚਮੁਚ ! ਦੁਨੀਆ ਦਾ ਕਸ਼ਟ ਨਿਵਾਰਨ ਲਈ ਹੀ ਤਾਂ ਮੈਂ ਦੋ ਦਿਨਾਂ ਦਾ ਮੌਨ-ਬਰਤ ਰੱਖਿਆ ਸੀ ।

ਹੱਠਜੋਗੀ : ਕੀ ਸਭ ਨੂੰ ਨਗਰੀ ਵਿਚ ਜਾਣਾ ਪਵੇਗਾ ?

ਚੇਲਾ : ਸਭ ਨੂੰ ਸਾਂਝਾ ਖ਼ਤਰਾ ਹੈ ।

ਆਘੋਰ : ਇਹ ਤਾਂ ਸਾਡੀ ਜ਼ਿੰਦਗੀ ਮੌਤ ਦਾ ਸਵਾਲ ਹੈ ।

ਚੇਲਾ : (ਹੋਰ ਡਰਾਂਦਾ ਹੋਇਆ) ਜੇ ਉਹ ਕੁਛ ਦਿਨ ਹੋਰ ਨਗਰ ਵਿਚ ਟਿਕਿਆ ਰਿਹਾ, ਸਭ ਲੋਕਾਂ ਨੇ ਉਸ ਦੇ ਸਾਦਾ-ਸਾਧਾਰਣ ਉਪਦੇਸ਼ ਨੂੰ ਗ੍ਰਹਿਣ ਕਰ ਲੈਣਾ ਹੈ । ਸ਼ਰਾਬ, ਮਾਸ, ਮੱਛੀ ਤਾਂ ਇਕ ਪਾਸੇ ਰਹੀ. ਤੁਹਾਨੂੰ ਕਿਸੇ ਨੇ ਸੁੱਕੀ ਰੋਟੀ ਵੀ ਨਹੀਂ ਦੇਣੀ ।

ਹੱਠਜੋਗੀ : ਫੇਰ ਤਾਂ ਸਾਡੇ ਸਭ ਹਠ ਤਪ ਵਿਫਲ ਜਾਣ ਦਾ ਖ਼ਤਰਾ ਹੈ ।

ਚੇਲਾ : ਸੁਣਿਆ, ਰਾਜਾ ਸੁਧਰਸੈਨ ਵੀ ਡਾਵਾਂਡੋਲ ਹੈ ।

ਆਘੋਰ : ਉਸ ਨੂੰ ਕਿਆ ਕਸ਼ਟ ਹੈ ?

ਚੇਲਾ : ਉਸ ਨੂੰ ਸ਼ੰਕਾ ਹੈ, ਉਸਦੀ ਰਾਣੀ ਬਦ-ਚਲਨ ਹੈ ।

ਕਪਾਲਕ : ਤਾਂ ਜ਼ਰੂਰ ਚੇਲਾ-ਪੰਥੀਆਂ ਦੀ ਉਪਾਸ਼ਕ ਹੋਵੇਗੀ ।

ਹੱਠਜੋਗੀ : ਔਰਤਾਂ ਦੇ ਦੁਖੋਂ ਹੀ ਗੋਪੀਚੰਦ ਤੇ ਭਰਥਰੀ ਹਰੀ ਨੇ ਰਾਜ ਭਾਗ ਤਿਆਗਿਆ ਸੀ ।

ਆਘੋਰ : ਕਿਸੇ ਨਾ ਕਿਸੇ ਕਾਰਣ ਪਹਿਲਾਂ ਵੈਰਾਗ ਪੈਦਾ ਹੁੰਦਾ ਹੈ ਤੇ ਫਿਰ ਤਿਆਗ ।

ਚੇਲਾ : ਤੁਸੀਂ ਗੱਲਾਂ ਕਰਦੇ ਰਹਿ ਜਾਣਾ ਹੈ, ਉਧਰ ਸਮਾਂ ਹੱਥੋਂ ਨਿਕਲ ਜਾਣਾ ਹੈ ?

ਹੱਠਜੋਗੀ : ਸਚ ਹੈ, ਸਾਡਾ ਹਠ ਧਾਰਨਾ ਵਿਅਰਥ ਹੈ। ਜੇ ਰਾਜਾ ਵੀ ਪੁੱਠੇ ਰਸਤੇ ਪੈ ਗਿਆ ਹੈ, ਫੇਰ ਤਾਂ ਭਾਰੀ ਖ਼ਤਰਾ ਹੈ। ਪਰਜਾ ਤਾਂ ਲਾਈ-ਲਗ ਹੁੰਦੀ ਹੈ। ਜੇਹਾ ਰਾਜਾ ਤੇਹੀ ਪਰਜਾ।

ਚੇਲਾ : ਮੈਂ ਤਾਂ ਇਹ ਵੀ ਸੁਣਿਆਂ, ਰਾਜਾ ਰਾਜ ਭਾਗ ਪੁੱਤਰ ਹਵਾਲੇ ਕਰ ਕੇ ਜੋਗ ਧਾਰਨ ਨੂੰ ਤਿਆਰ ਬੈਠਾ ਹੈ।

ਹੱਠਜੋਗੀ : ਗੁਰੂ ਗੋਰਖ ਨਾਥ ਦੀ ਜੈ ਹੋ ! ਫੇਰ ਉਹ ਜੋਗ-ਪੰਥ ਵਿਚ ਰਲਿਆ ਸਮਝੋ।

ਆਘੋਰ : ਜੈ ਜਗਦੰਬਾ !

ਚੇਲਾ : ਪਰ ਮਾਈ ਨੂਰਸ਼ਾਹ ਨੇ ਉਸ ਨੂੰ ਇਸ ਰਾਹੋਂ ਰੋਕ ਦਿੱਤਾ ਹੈ।

ਕਪਾਲਕ : ਨੂਰਸ਼ਾਹ ਤਾਂ ਵਾਮ-ਮਾਰਗੀਆਂ ਦੀ ਗੁਰੂ ਹੈ।

ਹੱਠਜੋਗੀ : ਮਨ ਬਦਲਣ ਲਗਿਆਂ ਦੇਰ ਨਹੀਂ ਲਗਦੀ। ਮੈਨੂੰ ਵੀ ਤਾਂ ਆਰੰਭ ਵਿਚ ਚੇਟਕ ਲੱਗੀ ਸੀ।

ਆਘੋਰ, : ਮੈਨੂੰ ਪੁੱਛੋ, ਮੈਂ ਆਘੋਰ ਪੰਥ ਕਿੱਦਾਂ ਧਾਰਨ ਕੀਤਾ।

ਹੱਠਜੋਗੀ : ਭੱਦਰ ਪੁਰਸ਼ੋ, ਤੁਸੀਂ ਗੱਲਾਂ ਕਰਦੇ ਰਹਿ ਜਾਣਾ ਹੈ, ਉਧਰ ਕੁਧਰਮ ਨੇ ਮਹਾਂ-ਮਾਰੀ ਵਾਂਗ ਫੈਲ ਜਾਣਾ ਹੈ। ਛੇਤੀ ਨਗਰ ਚਲੋ। ਪਹਿਲਾਂ ਰਾਜੇ ਨੂੰ ਸੋਧੀਏ, ਫੇਰ ਉਸ ਕੁਰਾਹੀਏ ਨਾਲ ਗੋਸ਼ਟ ਕਰ ਕੇ ਉਸ ਦਾ ਪਾਜ ਉਘਾੜੀਏ।

ਕਪਾਲਕ : ਕੋਈ ਸ਼ਾਸਤਰ-ਗਿਆਤਾ ਨਾ ਹੋਵੇ, ਅਭੋਰ ਨਾਥ ਨੂੰ ਨਾਲ ਲੈ ਚਲੋ। ਉਸ ਨੂੰ ਸਭ ਮੱਤਾਂ-ਮੱਤਾਂਤਰਾਂ ਦੀ ਸੋਝੀ ਹੈ।

ਹੱਠਜੋਗੀ : ਉਸ ਨੂੰ ਰਾਹ ਵਿਚੋਂ ਉਠਾਲ ਲਵਾਂਗੇ। ਉਹ ਗਿਆਨ-ਗੋਸ਼ਟ ਵਿਚ ਬਹੁਤ ਚਤਰ ਹੈ ! ਛੇਤੀ ਚਾਲੇ ਪਾਓ।

ਆਘੋਰ : ਆਓ, ਸਾਂਝੇ ਖ਼ਤਰੇ ਦਾ ਰਲ ਮਿਲ ਕੇ ਟਾਕਰਾ ਕਰੀਏ।

ਹੱਠਜੋਗੀ : ਠਹਿਰੋ, ਪਹਿਲਾਂ ਪ੍ਰਤਿੱਗਿਆ ਕਰੋ, ਉੱਨਾ ਚਿਰ ਬਿਸਰਾਮ ਨਹੀਂ ਕਰਾਂਗੇ, ਜਿੰਨਾ ਚਿਰ ਤਕ ਕੁਰਾਹੀਏ ਨੂੰ ਕਾਮ-ਰੂਪ ਵਿਚੋਂ ਕਢੱ ਨਹੀਂ ਲੈਂਦੇ।

ਆਘੋਰ : ਮਹਾਂ ਕਾਲੀ ਦੀ ਜੈ ਹੋ !

ਕਪਾਲਕ : ਜੈ ਜਗਦੰਬਾ !

[ਸਭ ਵਾਹੋ-ਦਾਹੀ ਜਾਂਦੇ ਹਨ।]

ਪਰਦਾ

## ਚੌਥੀ ਝਾਕੀ

ਰਾਜ ਮਹੱਲ ਦੇ ਬਾਹਰਵਾਰ।

ਹੱਠਜੋਗੀ, ਆਘੋਰ, ਕਪਾਲਕ ਤੇ ਕੂੰਡਾ-ਪੰਥੀ ਅਲੱਖ ਜਗਾਉਂਦੇ ਆਉਂਦੇ ਹਨ। ਹੱਠਜੋਗੀ ਦੇ ਕੰਨਾਂ ਵਿਚ ਦਰਸ਼ਨੀ ਮੁੰਦਰਾਂ ਅਤੇ ਸੱਜੇ ਹੱਥ ਵਿਚ ਤ੍ਰਿਸ਼ੂਲ ਹੈ। ਬਾਕੀ ਤਿੰਨੇ ਪਿਛਲੀ ਝਾਕੀ ਵਾਲੇ ਰੰਗ-ਰੂਪ ਵਿਚ ਹਨ।

ਆਘੋਰ : (ਉੱਚੀ ਸੁਰ ਵਿਚ) ਅਲੱਖ ਨਿਰੰਜਨ !

ਹੱਠਜੋਗੀ : ਸ਼ਿਵ ਸ਼ੰਭੂ, ਭੋਲੇ ਨਾਥ ਦੀ ਜੈ ਹੋ !

ਕਪਾਲਕ : ਕਾਲੀ ਮਾਤਾ ਦੀ ਜੈ ਹੋ !

ਕੂੰਡਾਪੰਥੀ : ਜੈ ਜਗਦੰਬਾ !

ਦਰਬਾਨ : (ਭੱਜਾ ਆਉਂਦਾ ਹੋਇਆ, ਹੱਥ ਜੋੜ ਕੇ) ਕਿਆ ਭੀੜ ਹੈ ਨਾਥ ਜੋਗੀਓ ?

ਜੋਗੀ : ਬੰਭ ਬੰਭ, ਬੋਲੇ ਨਾਥ !

ਦਰਬਾਨ : ਤੁਹਾਡੇ ਚਿਹਰਿਆਂ ਤੋਂ ਮੈਨੂੰ ਭੈ ਆਉਂਦਾ ਹੈ ! ਹੁਕਮ ਕਰੋ ?

ਹੱਠਜੋਗੀ : ਜਾਓ, ਰਾਜੇ ਨੂੰ ਬੋਲੋ, ਦਵਾਰੇ ਤੇ ਕੰਨ-ਪਾਟੇ ਜੋਗੀ, ਸਿੱਧ ਨਾਥ, ਹਠੀ-ਤਪੀ, ਤਿਆਗੀ ਵੈਰਾਗੀ ਖੜੇ ਹਨ।

ਆਘੋਰ : (ਅੱਗੇ ਨਾਲੋਂ ਵੀ ਉੱਚੀ ਚਿਮਟਾ ਖੜਕਾ ਕੇ) ਅਲੱਖ ਨਿਰੰਜਨ !

ਜੋਗੀ : ਭੋਲੇ ਨਾਥ ਦੀ ਜੈ ਹੋ !

ਕਪਾਲਕ : ਜੈ ਜਗਦੰਬਾ !

[ਭਿਆਨਕ ਚਿਹਰੇ ਬਣਾ ਕੇ ਖੜ ਜਾਂਦੇ ਹਨ ।]

ਮੰਤਰੀ : (ਛੇਤੀ ਛੇਤੀ ਆ ਕੇ) ਪੂਜਯ ਪੁਰਸ਼ੋ, ਸਾਥੋਂ ਕੀ ਖੁਨਾਮੀ ਹੋ ਗਈ ਹੈ, ਅੰਦਰ ਚਰਨ ਪਾਓ, ਰਾਜ-ਗ੍ਰਹਿ ਪਵਿੱਤਰ ਕਰੋ ।

ਜੋਗੀ : ਗੋਰਖ ਜਤੀ ਦੀ ਜੈ ਹੋ ! ਜੋਗੀ ਗ੍ਰਿਹਸਥੀਆਂ ਦੇ ਘਰਾਂ ਵਿਚ ਪੈਰ ਨਹੀਂ ਲਿਬੇੜਦੇ ।

ਆਘੋਰ : ਰਾਜੇ ਨੂੰ ਬੋਲੋ, ਸਿਧ ਨਾਥਾਂ ਨੂੰ ਨੰਗੇ ਪੈਰੀਂ ਆ ਕੇ ਮਿਲੇ ।

ਮੰਤਰੀ : ਪੂਜਯ ਨਾਥੋ, ਮਹਾਰਾਜ ਅੱਜ ਸਖ਼ਤ ਪਰੇਸ਼ਾਨ ਹਨ ।

ਕਪਾਲਕ : ਮਾਯਾਧਾਰੀ ਭੋਗੀ ਸਦਾ ਦੁੱਖੀ ਰਹਿੰਦਾ ਹੈ ।

ਆਘੋਰ : ਕਿਆ ਕਸ਼ਟ ਹੈ ਉਸ ਨੂੰ ?

ਮੰਤਰੀ : ਮਹਾਰਾਣੀ ਦੀ ਮ੍ਰਿਤੂ ਹੋ ਗਈ ਹੈ ।

ਜੋਗੀ : ਬਸ ! ਠੀਕਰਾ ਇਕ ਦਿਨ ਭਜਣਾ ਹੀ ਸੀ ।

ਕਪਾਲਕ : ਅਸੀਂ ਉਸ ਦੇ ਮਨ ਦੀ ਅਵਸਥਾ ਅਨੁਭਵ ਕਰ ਕੇ ਹੀ ਪਧਾਰੇ ਹਾਂ । ਜਪ ਤਪ ਭੰਗ ਕਰ ਕੇ ਉਸ ਦੀ ਕਲਿਆਨ ਹਿਤ ਬਹੁੜੇ ਹਾਂ ।

ਮੰਤਰੀ : ਮਹਾਂਪੁਰਸ਼ੋ, ਤੁਸੀਂ ਬੜੇ ਦਿਆਲੂ ਹੋ । ਆਪਾ ਮਾਰ ਕੇ ਲੋਕਾਂ ਖ਼ਾਤਰ ਜੀਂਦੇ ਹੋ । ਤੁਹਾਡੇ ਆਸਰੇ ਹੀ ਸੰਸਾਰ ਕਾਇਮ ਹੈ । ਕੀ ਭੋਜਨ ਦਾ ਪ੍ਰਬੰਧ ਕੀਤਾ ਜਾਵੇ ?

ਹੱਠਜੋਗੀ : ਅਸੀਂ ਅੰਨ ਪਾਣੀ ਮੂੰਹ ਨਹੀਂ ਲਾਵਾਂਗੇ ਜਿੰਨਾ ਚਿਰ ਤਕ ਰਾਜੇ ਦਾ ਸੰਤਾਪ ਨਹੀਂ ਹਰ ਲੈਂਦੇ ।

ਕਪਾਲਕ : ਰਾਜੇ ਦੀ ਦੁਬਿਧਾ ਦੂਰ ਕਰ ਕੇ ਹੀ ਮੂੰਹ ਝੂਠਾ ਕਰਾਂਗੇ ।

ਆਘੋਰ : (ਕਪਾਲਕ ਨੂੰ ਚਿਮਟੇ ਨਾਲ ਛੋਂਹਦਾ ਹੋਇਆ, ਹੌਲੀ ਜਿਹੀ) ਓਇ ਮੁਗਧ, ਮੰਤਰੀ ਨੂੰ ਆਖ ਬ੍ਰਹਮ-ਭੋਜ ਦੀ ਤਿਆਰੀ ਕਰੇ । ਭੁੱਖ ਨਾਲ ਜਾਨ ਨਿਕਲ ਰਹੀ ਹੈ ।

ਜੋਗੀ : ਜਾਓ, ਰਾਜੇ ਨੂੰ ਬੁਲਾਓ, ਅਸੀਂ ਇਕ ਟੰਗ ਭਾਰ ਖੜ ਕੇ ਉਸ ਦਾ ਦੁੱਖ ਆਪਣੇ ਸਿਰ ਲੈਂਦੇ ਹਾਂ ।



[ਪਹਿਲੀ ਝਾਕੀ ਵਾਲੀਆਂ ਦੋਵੇਂ ਨਾਰੀਆਂ ਆਉਂਦੀਆਂ ਹਨ ।]

ਕਾਮਨੀ : ਨੀ ਉਹ ਇਕ-ਟੰਗੇ ਜਾਨਵਰ ਕੀ ਨੇ ?

ਮੋਹਨੀ : ਹੌਲੀ ਬੋਲ ਨੀ, ਸੁਣ ਲੈਣਗੇ ।

ਕਾਮਨੀ : ਮੈਨੂੰ ਤਾਂ ਇਹ ਪਾਖੰਡੀ ਸਾਧ ਲਗਦੇ ਨੇ ।

[ਜੋਗੀ ਉਨ੍ਹਾਂ ਦੀਆਂ ਗੱਲਾਂ ਸੁਣ ਕੇ ਮੂੰਹ ਮੋੜ ਕੇ ਉਨ੍ਹਾਂ ਵੱਲ ਦੇਖਦੇ ਹਨ । ਇਕ-ਦਮ ਉਨ੍ਹਾਂ ਦੇ ਚਿਹਰਿਆ ਦੇ ਹਾਵ-ਭਾਵ ਬਦਲ ਜਾਂਦੇ ਹਨ ।]

ਕਾਮਨੀ : (ਇਕੱਲੇ ਇਕੱਲੇ ਨੂੰ ਗਹੁ ਨਾਲ ਦੇਖਦੀ ਹੋਈ) ਮੋਹਨੀ, ਇਨ੍ਹਾਂ ਵਿਚ ਉਹ ਜੋਗੀ ਤਾਂ ਦਿਸਦਾ ਨਹੀਂ ।

ਮੋਹਨੀ : ਮੈਨੂੰ ਤਾਂ ਮੁੰਦਰਾਂ ਵਾਲਾ ਉਹੋ ਲਗਦਾ । ਸ਼ਾਇਦ ਭੇਸ ਬਦਲਿਆ ਹੋਵੇ ।

[ਹਰ ਇਕ ਸਾਧੂ ਬਣ ਠਣ ਕੇ ਲਲਚਾਈਆਂ ਅੱਖਾਂ ਨਾਲ ਵੇਖਦਾ ਹੈ ।]

ਕਾਮਨੀ : ਮੋਹਨੀ ! ਇਹ ਤਾਂ ਐਉਂ ਖਲੋ ਗਏ ਨੇ ਜਿਵੇਂ ਮੈਂ ਇਨ੍ਹਾਂ ਵਿਚੋਂ ਕਿਸੇ ਇਕ ਦੇ ਗਲ ਜੈ-ਮਾਲਾ ਪਾਉਣੀ ਹੁੰਦੀ ਹੈ ।

ਮੋਹਨੀ : ਮੈਨੂੰ ਇਨ੍ਹਾਂ ਤੋਂ ਡਰ ਲਗਦਾ ਹੈ ।

ਕਾਮਨੀ : ਦੇਖ, ਕਿੱਦਾਂ ਅੱਖਾਂ ਪਾੜ ਪਾੜ ਕੇ ਝਾਕਦੇ ਨੇ, ਜਿੱਦਾਂ ਮੂੰਹ ਵਿਚ ਪਾ ਲੈਣਾ ਹੁੰਦਾ ਹੈ ।

ਆਘੋਰ : ਸੁੰਦਰੀਓ, ਕਿਆ ਇੱਛਾ ਹੈ, ਮਨ ਦੀ ਬਾਤ ਖੋਲ੍ਹ ਕੇ ਬਤਾਓ ।

ਕਪਾਲਕ : ਤੁਹਾਡੀ ਹਰ ਇੱਛਾ ਪੂਰਨ ਹੋਵੇਗੀ ।

ਕਾਮਨੀ : ਪਹਿਲਾਂ ਆਪਣੇ ਮਨ ਦੀ ਭਟਕਣਾ ਤਾਂ ਦੂਰ ਕਰ ਲਓ ।

ਜੋਗੀ : (ਇਕ ਕਦਮ ਪਿੱਛੇ ਹੋ ਕੇ) ਜੈ ਜਤੀ ਗੋਰਖ ਨਾਥ ! ਇਨ੍ਹਾਂ ਬਾਘਣਾਂ ਤੇ ਵਿਸ਼ ਦੀਆਂ ਗੰਦਲਾਂ ਤੋਂ ਬਚਾ ! ਇਨ੍ਹਾਂ ਦਾ ਪਰਛਾਵਾਂ ਵੀ ਜ਼ਹਿਰੀ ਹੈ ।

ਕਾਮਨੀ : ਨੀ ਇਹ ਤਾ ਸਾਥੋਂ ਵੀ ਭੈੜੇ ਨੇ ।

ਆਘੋਰ : ਕੁਬਚਨ ਬੋਲਦੀ ਹੈ ਸਿਧ ਨਾਥਾਂ ਨੂੰ !

ਕਾਮਨੀ : ਖਹਿੜਾ ਛੱਡ ਨੀ ਇਨ੍ਹਾਂ ਦਾ, ਝੂਠ ਦੀ ਬਗਲੀ ਪਾਈ ਫਿਰਦੇ ਨੇ ਭੇਖ-ਧਾਰੀ।

[ਰਾਜਾ, ਮੰਤਰੀ ਅਤੇ ਨੂਰਸ਼ਾਹ ਆਉਂਦੇ ਹਨ।
ਉਨ੍ਹਾਂ ਨੂੰ ਵੇਖ ਕੇ ਨਾਰੀਆਂ ਇਕ-ਦਮ ਖਿਸਕ ਜਾਂਦੀਆਂ ਹਨ।]

ਨੂਰਸ਼ਾਹ : ਸਿਧ ਨਾਥੋ, ਤੁਸੀਂ ਦੁਨੀਆ ਤਿਆਗੀ ਹੈ, ਪਰ ਮੋਹ-ਮਮਤਾ ਵਿਸ਼ੇ-ਵਾਸ਼ਨਾ ਨਹੀਂ ਛੱਡੀ।

"ਮਮਤਾ ਮੋਹੁ ਕਾਮਣਿ ਹਿਤਕਾਰੀ ॥
ਨਾ ਅਉਧੂਤੀ ਨਾ ਸੰਸਾਰੀ ॥"

[ਸਾਰੇ ਮੰਨ ਤੋਂ ਫੜੇ ਚੋਰ ਵਾਂਗ ਤ੍ਰਬਕ ਜਾਂਦੇ ਹਨ।
ਪੈਂਤੜਾ ਬਦਲਣ ਦੀ ਪੂਰੀ ਕੋਸ਼ਿਸ਼ ਕਰਦੇ ਹਨ।]

ਜੋਗੀ : ਸ਼ਿਵ ਸ਼ੰਭੂ, ਭੋਲੇ ਨਾਥ ਦੀ ਜੈ ਹੋ!

ਕਪਾਲਕ : ਜੈ ਜਗਦੰਬਾ!

ਰਾਜਾ : ਨਮਸਕਾਰ, ਪੂਜਯ ਪੁਰਸ਼ੋ, ਤੁਸੀਂ ਅਪਾਰ ਕਿਰਪਾ ਕੀਤੀ ਹੈ।

ਜੋਗੀ : ਰਾਜਨ ਸਾਨੂੰ ਤੇਰੇ ਮਨ ਦੀ ਅਵਸਥਾ ਦਾ ਅਗੰਮੀ ਅਨੁਭਵ ਹੋਇਆ ਥਾ।

ਕਪਾਲਕ : ਤੇਰੇ ਮਨ ਦਾ ਸੰਤਾਪ ਹਰਨ ਆਏ ਹਾਂ।

ਨੂਰਸ਼ਾਹ : ਭਲਿਓ ਪੁਰਸ਼ੋ, ਪਹਿਲਾਂ ਆਪਣੇ ਮਨਾਂ ਦਾ ਸੰਕਟ ਤਾਂ ਦੂਰ ਕਰ ਲਵੋ। ਤੁਸੀਂ ਸਰੀਰ ਨੂੰ ਜ਼ਰੂਰ ਕਸ਼ਟ ਦਿੰਦੇ ਹੋ, ਪਰ ਮਨ ਜਿੱਤਣ ਦਾ ਜਤਨ ਨਹੀਂ ਕਰਦੇ।

ਜੋਗੀ : ਸਾਨੂੰ ਕੋਈ ਕਲੇਸ਼ ਨਹੀਂ। ਮਨ ਹਰਨ ਵਾਲੀਆਂ ਵਸਤਾਂ ਤੋਂ ਅਸੀਂ ਕੋਹਾਂ ਦੂਰ ਰਹਿੰਦੇ ਹਾਂ। (ਪਿੱਛੇ ਹਟਦਾ ਹੋਇਆ) ਔਰਤ ਦੇ ਅਸੀਂ ਮੱਥੇ ਤਕ ਨਹੀਂ ਲਗਦੇ।

ਨੂਰਸ਼ਾਹ : (ਮੁਸਕ੍ਰਾਂਦੀ ਹੋਈ) ਤੁਸੀਂ ਔਰਤ ਦੇ ਪੇਟ ਤੋਂ ਪੈਦਾ ਨਹੀਂ ਹੋਏ। ਪੱਥਰ 'ਚੋਂ ਜਨਮੇ ਹੋ, ਇਸ ਕਰਕੇ ਪੱਥਰ-ਚਿਤ ਹੋ।

ਜੋਗੀ : ਰਾਜਨ, ਇਹ ਬਾਘਣ ਕੌਣ ਹੈ? ਨਾਥਾਂ ਨੂੰ ਅਪਬਚਨ ਬੋਲਦੀ ਹੈ।

ਰਾਜਾ : (ਹੱਥ ਜੋੜ ਕੇ) ਖਿਮਾ ਕਰੋ!



ਜੋਗੀ : (ਗੁੱਸੇ ਨਾਲ ਲਾਲ-ਪੀਲਾ ਹੁੰਦਾ ਹੋਇਆ) ਭਸਮ ਕਰ ਦਿਆਂਗੇ, ਖੜੀ-ਖੜੋਤੀ ਨੂੰ।

ਨੂਰਸ਼ਾਹ : (ਉੱਚੀ ਹੱਸਦੀ ਹੋਈ) ਇਸ ਵਕਤ ਤਾਂ ਕ੍ਰੋਧ ਨਾਲ ਤੁਸੀਂ ਖ਼ੁਦ ਲਾਲੋ ਲਾਲ ਹੋ।

ਆਘੋਰ : ਤਿਆਗੀਆਂ ਨੂੰ ਦੁਨਿਆਵੀ ਵਸਤਾਂ ਨਾਲ ਕੀ!

ਨੂਰਸ਼ਾਹ : ਸਾਧੋ, ਛੱਡਣ ਵਾਲੀਆਂ ਚੀਜ਼ਾਂ ਤੁਸੀਂ ਉੱਕਾ ਨਹੀਂ ਤਿਆਗੀਆਂ। ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਨਾਲ ਚੰਮੜੇ ਹੋਏ ਹੋ। ਤੁਸੀਂ ਜੀਵਨ ਦਾ ਭੇਦ ਨਹੀਂ ਪਛਾਤਾ।

"ਸੋ ਜੀਵਿਆ ਜਿਸੁ ਮਨਿ ਵਸਿਆ ਸੋਇ ॥
ਨਾਨਕ ਅਵਰੁ ਨ ਜੀਵੈ ਕੋਇ ॥"

ਜੋਗੀ : ਹੂੰ! ਚੰਚਲ ਨਾਰੀ ਜੀਵਨ ਦਾ ਭੇਦ ਸਾਨੂੰ ਦਸਦੀ ਹੈ!

ਰਾਜਾ : ਸਿੱਧੋ, ਪਤਾ ਇਹ ਮਹਾਂ ਇਸਤ੍ਰੀ ਕੌਣ ਹੈ?

ਆਘੋਰ : ਸਾਡੇ ਲਈ ਸਭ ਔਰਤਾਂ ਵਿਸ਼ ਦੀਆਂ ਗੰਦਲਾਂ ਨੇ।

ਵੈਰਾਗੀ : (ਗਹੁ ਨਾਲ ਦੇਖਦਾ ਹੋਇਆ) ਕੌਣ ਹੈ ਇਹ ਔਰਤ?

ਰਾਜਾ : ਦੇਵੀ ਨੂਰਸ਼ਾਹ!

ਜੋਗੀ : (ਅਤੀ ਹੈਰਾਨੀ ਨਾਲ) ਹੈਂ! ਰੂਪ-ਨਗਰ ਦੀ ਮਹਾਂ-ਜਾਦੂਗਰਨੀ! ਇਹ ਹਾਲਤ!

ਆਘੋਰ : ਜਿਸ ਨੇ ਰਾਜੇ ਮਹਾਰਾਜੇ ਵਸ ਕੀਤੇ ਹੋਏ ਨੇ?

ਕਪਾਲਕ : ਦੇਵੀ ਦੀ ਸ਼ਕਲ ਬਹੁਤ ਵੈਰਾਗਮਈ ਹੈ।

ਨੂਰਸ਼ਾਹ : ਭੁਲੜ ਪੁਰਸ਼ੋ! ਜਾਦੂ-ਟੂਣਿਆਂ ਵਿਚ ਮੇਰਾ ਵਿਸ਼ਵਾਸ ਖ਼ਤਮ ਹੋ ਚੁੱਕਾ ਹੈ। ਰਿਧੀਆਂ-ਸਿਧੀਆਂ ਮਨੁੱਖ ਦੀ ਨੀਵੀਂ ਅਵਸਥਾ ਦੀਆਂ ਸੂਚਕ ਨੇ।

ਜੋਗੀ : ਦੇਵੀ ਦੀ ਨਵੀਂ ਕਰਾਮਾਤ ਕਿਆ ਹੈ?

ਨੂਰਸ਼ਾਹ : (ਇਕ ਉਂਗਲ ਦੇ ਇਸ਼ਾਰੇ ਨਾਲ) ਇਕ ਪ੍ਰਭੂ ਦੇ ਨਾਮ ਦਾ ਆਧਾਰ।

ਜੋਗੀ : ਕੌਣ ਹੈ ਤੈਨੂੰ ਪੁੱਠੇ ਰਾਹ ਪਾਉਣ ਵਾਲਾ?

ਨੂਰਸ਼ਾਹ : ਨਾਨਕ ਸ਼ਾਹ ਫ਼ਕੀਰ।
ਹਿੰਦੂ ਕਾ ਗੁਰੂ, ਮੁਸਲਮਾਨ ਕਾ ਪੀਰ।

ਅਘੋਰ : ਹੈਂ ! ਤਪਾ ! ਉਸੇ ਨੂੰ ਸੋਧਣ ਲਈ ਤਾਂ ਅਸੀਂ ਆਸਣ ਛੱਡ ਕੇ ਧਾਏ ਆਂ ।

ਜੋਗੀ : ਉਸ ਦੀ ਸਿੱਧਾਂ ਨਾਲ ਗੋਸ਼ਟ ਕਰਾਓ । ਅਸੀਂ ਉਸ ਦੇ ਭਰਮ ਨਵਿਰਤ ਕਰਾਂਗੇ ।

ਨੂਰਸ਼ਾਹ : (ਮੁਸਕ੍ਰਾਂਦੀ ਹੋਈ) ਜ਼ਰੂਰ ਭੇਂਟ ਕਰਵਾਵਾਂਗੀ । ਮੈਨੂੰ ਤੁਹਾਡੀ ਹਾਲਤ ਤੇ ਤਰਸ ਆ ਰਿਹਾ ਹੈ । ਰਾਜਾ ਜੀ ਵੀ ਦਰਸ਼ਨਾਂ ਦੇ ਅਭਿਲਾਸ਼ੀ ਹਨ ।

ਜੋਗੀ : ਰਾਜਨ, ਬਚਨਾਂ ਤੋਂ ਹਾਰ ਰਿਹਾ ਹੈਂ । ਰਾਜ-ਭਾਗ ਤਿਆਗ ਕੇ ਹੱਠ ਧਾਰਨ ਦਾ ਬਚਨ ਦਿੱਤਾ ਸੀ ।

ਰਾਜਾ : ਮੇਰਾ ਮਨ ਅਜੇ ਵੀ ਦੁਬਿਧਾ ਵਿਚ ਹੈ । ਜੇ ਦੇਵੀ ਨੂਰਸ਼ਾਹ ਨਾ ਬਹੁੜਦੀ ਤਾਂ ਮੈਂ ਜ਼ਰੂਰ ਸੰਸਾਰ ਤਿਆਗ ਦੇਣਾ ਸੀ ।

ਅਘੋਰ : ਰਾਜਨ ! ਮਾਇਆ ਤਿਆਗੇ ਬਿਨਾਂ ਸ਼ਾਂਤੀ ਪ੍ਰਾਪਤ ਨਹੀਂ ਹੋ ਸਕਦੀ ।

ਨੂਰਸ਼ਾਹ : ਤੁਸੀਂ ਤਾਂ ਮੈਨੂੰ ਰਾਜੇ ਨਾਲੋਂ ਵੱਧ ਦੁਬਿਧਾ ਵਿਚ ਦਿਸਦੇ ਹੋ ।

ਜੋਗੀ : (ਅਣਸੁਣੀ ਕਰਦਾ ਹੋਇਆ) ਰਾਜਾ, ਗ੍ਰਿਹਸਥ-ਮਾਰਗ ਤਿਆਗੇ ਬਿਨਾਂ ਨਿਰਵਾਣ ਪ੍ਰਾਪਤ ਨਹੀਂ ਹੋ ਸਕੇਗਾ ।

ਨੂਰਸ਼ਾਹ : ਸਾਧੋ, ਇਕ ਪਾਸੇ ਤੁਸੀਂ ਗ੍ਰਿਹਸਥ ਧਰਮ ਨੂੰ ਨਿੰਦਦੇ ਹੋ, ਦੂਜੇ ਪਾਸੇ ਗ੍ਰਿਹਸਥੀਆਂ ਦੇ ਘਰੀਂ ਮੰਗਣ ਜਾਂਦੇ ਹੋ ।

ਅਘੋਰ : ਉਨ੍ਹਾਂ ਦੀ ਕਲਿਆਣ ਹਿਤ ।

ਨੂਰਸ਼ਾਹ : ਉਨ੍ਹਾਂ ਦੀ ਕਲਿਆਣ ਸੁੱਚੀ ਕਿਰਤ ਨਾਲ ਸੰਬੰਧਤ ਹੈ, ਤੁਸੀਂ ਹਰਾਮ ਖਾ ਕੇ ਬੁੱਧੀ ਭ੍ਰਿਸ਼ਟ ਕਰ ਰਹੇ ਹੋ ।

ਪ੍ਰੋਹਤ : (ਨੱਸਾ ਆਉਂਦਾ ਹੋਇਆ) ਦੁਹਾਈ ! ਦੁਹਾਈ !! ਬਚਾਓ !!!

ਰਾਜਾ : ਪ੍ਰੋਹਤ ਜੀ, ਕੌਣ ਮਾਰ ਰਿਹਾ ਹੈ ?

ਪ੍ਰੋਹਤ : ਕੋਈ ਧਰਮ ਨਿਆਂ ਨਹੀਂ ਰਿਹਾ, ਮੈਂ ਦਿਨ-ਦੀਵੀਂ ਠੱਗਿਆ ਗਿਆ ।

ਰਾਜਾ : ਕਿਆ ਘਰ ਵਿਚ ਚੋਰੀ ਹੋ ਗਈ ?

ਪ੍ਰੋਹਤ : ਚੋਰੀ ਡਾਕਾ ਕੀ ਚੀਜ਼ ਹੈ ?

ਰਾਜਾ : ਫੇਰ ਕਿਆ ਬਿਪਤਾ ਹੈ, ਖੋਲ੍ਹ ਕੇ ਗੱਲ ਕਰ ?

ਪ੍ਰੋਹਤ : ਮੇਰਾ ਇਕਲੌਤਾ ਬੇਟਾ, ਖੋਹਿਆ ਗਿਆ !

ਰਾਜਾ : ਕਿਸ ਨੇ ਖੋਹਿਆ ਹੈ ?



ਪ੍ਰੋਹਤ : ਜਨਮ ਭਰਿਸ਼ਟ ਹੋ ਗਿਆ, ਬ੍ਰਾਹਮਣ ਬੱਚੇ ਨੂੰ ਇਕ ਸਾਧੂ ਵਰਗਲਾ ਕੇ ਲੈ ਗਿਆ ।

ਨੂਰਸ਼ਾਹ : ਕਿੰਨੀ ਉਮਰ ਹੈ ਲੜਕੇ ਦੀ ?

ਪ੍ਰੋਹਤ : ਕੁਲ ਅਠਾਰਾਂ ਵਰਸ਼ ।

ਨੂਰਸ਼ਾਹ : ਫਿਰ ਤਾਂ ਅਸਲੋਂ ਬਾਲ ਹੈ । ਉਂਗਲੀ ਲਾ ਕੇ ਲੈ ਗਿਆ ਹੋਵੇਗਾ ਕੋਈ ।

[ਸਾਰੇ ਹੱਸ ਪੈਂਦੇ ਹਨ ।]

ਪ੍ਰੋਹਤ ਜੀ, ਹੋ ਸਕਦਾ ਬਾਲ ਕਿਸੇ ਚੁੰਬਕ-ਸ਼ਕਤੀ ਮਗਰ ਖਿੱਚਿਆ ਗਿਆ ਹੋਵੇ ।

ਪ੍ਰੋਹਤ : (ਦੋ ਕਦਮ ਪਿੱਛੇ ਹਟ ਕੇ) ਨਮਸਕਾਰ ਦੇਵੀ ਜੀ, ਮੇਰੀ ਸਹਾਇਤਾ ਕਰੋ ।

ਨੂਰਸ਼ਾਹ : ਹੋਰ ਕੀ ਦੁੱਖ ਹੈ ?

ਪ੍ਰੋਹਤ : ਦੇਵੀ, ਮੈਨੂੰ ਨਿੱਜੀ ਦੁੱਖ ਦੀ ਪਰਵਾਹ ਨਹੀਂ ।

ਰਾਜਾ : ਹੋਰ ਕੀ ਮੁਸੀਬਤ ਹੈ ? ਸਿੱਧੀ ਤਰ੍ਹਾਂ ਗੱਲ ਕਰੋ ।

ਨੂਰਸ਼ਾਹ : ਇਨ੍ਹਾਂ ਲੋਕਾਂ ਦੀ ਹਰ ਗੱਲ ਵਲ-ਫਰੇਬ ਵਾਲੀ ਹੁੰਦੀ ਹੈ ।

ਪ੍ਰੋਹਤ : ਦੁਨੀਆ ਗ਼ਰਕ ਹੋਣ ਤੇ ਆ ਗਈ ਹੈ, ਘੋਰ ਕਲਜੁਗ ਆ ਗਿਆ ।

ਰਾਜਾ : (ਅੱਕ ਕੇ) ਕਿਆ ਅਨਰਥ ਹੋ ਗਿਆ ?

ਪ੍ਰੋਹਤ : ਅਨਰਥ ਜਿਹਾ ਅਨਰਥ, ਸੈਂਕੜੇ ਹਜ਼ਾਰਾਂ ਸਾਲਾਂ ਦੀ ਸ਼ਾਸਤਰ-ਮਰਿਯਾਦਾ ਭੰਗ ਹੋ ਗਈ ਹੈ ।

ਰਾਜਾ : ਸਬਰ ਨਾਲ ਗੱਲ ਕਰੋ ।

ਪ੍ਰੋਹਤ : ਮਹਾਰਾਜ, ਤੁਸੀਂ ਸੁੱਤੇ ਪਏ ਹੋ, ਨਗਰ ਵਿਚ ਇਕ ਪੰਜਾਬੀ ਸਾਧੂ ਨੇ ਝੂਠ ਦਾ ਜਾਲ ਵਿਛਾ ਕੇ ਭੋਲੇ-ਭਾਲੇ ਲੋਕਾਂ ਨੂੰ ਕੁਰਾਹੇ ਪਾਉਣਾ ਆਰੰਭ ਕੀਤਾ ਹੋਇਆ ਹੈ । ਰਾਜੇ ਦਾ ਫ਼ਰਜ਼ ਹੁੰਦਾ, ਲੋਕਾਂ ਦੇ ਧਰਮ-ਕਰਮ ਦੀ ਰਕਸ਼ਾ ਕਰਨਾ ।

ਨੂਰਸ਼ਾਹ : ਅਸਲ ਵਿਚ ਪ੍ਰੋਹਤ ਜੀ ਨੂੰ ਆਪਣੀ ਰੋਟੀ ਦਾ ਫ਼ਿਕਰ ਹੈ ।

ਰਾਜਾ : ਧਰਮ ਨਿਆਂ ਦੇ ਵਿਰੁੱਧ ਜੋ ਕੋਈ ਜ਼ਾਹਰਾ ਹਰਕਤ ਕਰੇਗਾ, ਸਜ਼ਾ ਭੁਗਤੇਗਾ । ਤੁਸੀਂ ਚਿੰਤਾ ਨਾ ਕਰੋ । ਕਿਹੜੀ ਮਾੜੀ ਗੱਲ ਕੀਤੀ ਹੈ ਉਸ ਮਹਾਤਮਾ ਨੇ ।

ਪ੍ਰੋਹਤ : ਉਸ ਦੀ ਹਰ ਗੱਲ ਧਰਮ ਦੇ ਉਲਟ ਹੈ।

ਨੂਰਸ਼ਾਹ : ਕੋਈ ਇਕ-ਅੱਧ ਮਿਸਾਲ ਤਾਂ ਦਿਓ।

ਪ੍ਰੋਹਤ : ਲੋਕਾਂ ਨੂੰ ਚੁਰਾਹੇ ਵਿਚ ਖੜ ਕੇ ਕਹਿ ਰਿਹਾ ਹੈ :

"ਨਾ ਕੋਈ ਹਿੰਦੂ ਨਾ ਮੁਸਲਮਾਨ।
ਦੇਵੀ ਦੇਵਤੇ ਸਭ ਬ੍ਰਾਹਮਣਾਂ ਦੇ ਵਹਿਮ ਭਰਮ ਹਨ।
ਸੰਸਾਰ ਵਿਚ ਇਕੋ ਰੱਬ ਦਾ ਨੂਰ ਹੈ।
ਕੋਈ ਉਚ ਨੀਚ ਨਹੀਂ।"

ਨੂਰਸ਼ਾਹ : ਠੀਕ ਕਹਿ ਰਿਹਾ :

"ਏਕ ਨੂਰ ਤੇ ਸਭੁ ਜਗੁ ਉਪਜਿਆ,
ਕਉਨ ਭਲੇ ਕੋ ਮੰਦੇ।"

ਪ੍ਰੋਹਤ ਜੀ ! ਇਸ ਵਿਚ ਮਾੜੀ ਗੱਲ ਕਿਹੜੀ ਹੈ ? ਸਗੋਂ ਕੋਈ ਸੱਚ ਨੂੰ ਦ੍ਰਿੜਾ ਰਿਹਾ ਹੈ।

ਰਾਜਾ : ਬਸ ਐਨੀ ਗੱਲ ਹੈ ?

ਪ੍ਰੋਹਤ, : ਤੀਰਥ-ਯਾਤਰਾ, ਕਰਮ-ਧਰਮ ਬਿਅਰਥ ਦਸ ਰਿਹਾ। ਖੱਤਰੀ ਹੋ ਕੇ ਜਨੇਊ, ਗੰਗਾ, ਗਾਇਤਰੀ ਦੇ ਉਲਟ ਬੋਲ ਰਿਹਾ ਹੈ।

ਨੂਰਸ਼ਾਹ : ਸੱਚ ਕਹਿ ਰਿਹਾ ਹੈ :

"ਸਿਮ੍ਰਿਤਿ ਬੇਦ ਪੁਰਾਣ ਪੁਕਾਰਨਿ ਪੋਥੀਆ ॥
ਨਾਮ ਬਿਨਾ ਸਭ ਕੂੜੁ ਗਾਲ੍ਹੀ ਹੋਛੀਆ ॥"

ਪ੍ਰੋਹਤ : ਆਹ ਸੁਣ ਲਓ, ਐਨ ਇਹੋ ਜੇਹੀ ਬਾਣੀ ਗਾਉਂਦਾ ਫਿਰਦਾ। ਨੇਮ ਧਰਮ ਤਿਆਗ ਕੇ ਇਕ ਮੁਸਲਮਾਨ ਨੂੰ ਗਲ ਲਾਈ ਫਿਰਦਾ ਹੈ। ਮਹਾਰਾਜ ਅਜੇਹੇ ਅਨੇਮੀ ਕੁਧਰਮੀ ਨੂੰ ਰਾਜ ਦੀਆਂ ਹੱਦਾਂ ਤੋਂ ਨਿਕਲਣ ਲਈ ਫੌਰਨ ਹੁਕਮ ਦਿਓ।

ਨੂਰਸ਼ਾਹ : ਤਾਂ ਜੁ ਤੁਸੀਂ ਲੋਕ ਮਨ-ਮਾਨੀਆਂ ਜਾਰੀ ਰੱਖ ਸਕੋ।

ਰਾਜਾ : (ਪ੍ਰੋਹਤ ਨੂੰ) ਤੁਸੀਂ ਵਿਆਕੁਲ ਨਾ ਹੋਵੋ, ਮੈਂ ਇਸ ਬਾਰੇ ਤਫਤੀਸ਼ ਕਰਾਂਗਾ।

ਨੂਰਸ਼ਾਹ : ਰਾਜਨ, ਇਨ੍ਹਾਂ ਲੋਕਾਂ ਦੀਆਂ ਗੱਲਾਂ ਵਿਚ ਨਾ ਆ, ਇਹ ਅਧੂਰੇ ਬੰਦੇ ਆਪਣੇ ਆਪ ਨੂੰ ਕਾਮਲ ਸਮਝਦੇ ਨੇ।



ਪ੍ਰੋਹਤ : (ਗੁੱਸਾ ਖਾ ਕੇ) ਉਹ ਤੁਹਾਨੂੰ ਤੇ ਮੰਤਰੀ ਨੂੰ ਵੀ ਚੌਂਕਾਂ ਵਿਚ ਖੜ ਕੇ ਬੁਰਾ ਭਲਾ ਕਹਿ ਰਿਹਾ ਹੈ।

ਮੰਤਰੀ : ਉਹ ਕੀ ?

ਪ੍ਰੋਹਤ : ਕਹਿੰਦਾ ਹੈ :

ਕਲਜੁਗ ਦੇ ਰਾਜੇ ਕਸਾਈ ਨੇ,

"ਰਾਜੇ ਸੀਹ ਮੁਕਦਮ ਕੁਤੇ।"

ਨੂਰਸ਼ਾਹ : ਇਕ ਮਹਾਂ-ਪੁਰਸ਼ ਹੀ ਬੁਰੇ ਨੂੰ ਬੁਰਾ ਕਹਿਣ ਦੀ ਦਲੇਰੀ ਕਰ ਸਕਦਾ ਹੈ। ਰਾਜਨ, ਇਹ ਉਸੇ ਮਹਾਨ ਆਤਮਾ ਬਾਰੇ ਕਹਿ ਰਿਹਾ ਹੈ, ਜਿਸ ਦੇ ਦਰਸ਼ਨਾਂ ਲਈ ਅਸੀਂ ਸੁਲੱਖਣੀ ਘੜੀ ਉਡੀਕ ਰਹੇ ਹਾਂ।

ਰਾਜਾ : ਮੇਰੇ ਐਡੇ ਭਾਗ ਕਿਥੋਂ ?

ਪ੍ਰੋਹਤ : ਮਹਾਰਾਜ, ਤੀਰਥਾਂ ਦਾ ਰਟਨ ਕਰ ਕੇ ਹੱਥ ਸੁੱਚੇ ਕਰੋ। ਜੇ ਕੋਈ ਸੰਕਲਪ ਹੈ ਤਾਂ ਮੈਨੂੰ ਦੱਸੋ।

ਜੋਗੀ : ਤੇਰੇ ਭਾਗ ਇਕ ਪਲ ਵਿਚ ਜਾਗ ਸਕਦੇ। ਮੇਰਾ ਬਚਨ ਮੰਨੋ।

ਨੂਰਸ਼ਾਹ : ਰਾਜਨ, ਇਨ੍ਹਾਂ ਦੀਆਂ ਬੰਦੀਆਂ ਗੱਲਾਂ ਨਾਲ ਮਨ ਨਾ ਭਰਮਾ. ਉਹ ਗੁਰੂ ਮਨੁੱਖ ਜਾਤੀ ਲਈ ਇਕ ਨਵਾਂ ਸੰਦੇਸ਼ ਲੈ ਕੇ ਆਇਆ ਹੈ। ਸਮੇਂ ਦੀ ਆਵਾਜ਼ ਸੁਣ।

ਮੰਤਰੀ : ਮਹਾਰਾਜ, ਜਿਸ ਨੇ ਦੇਵੀ ਦਾ ਜੀਵਨ-ਆਦਰਸ਼ ਬਦਲ ਦਿੱਤਾ, ਉਹ ਜ਼ਰੂਰ ਹੀ ਕੋਈ ਦੈਵੀ ਆਤਮਾ ਹੋਵੇਗੀ।

ਜੋਗੀ : ਕਿਆ ਮਤ ਹੈ ਉਸ ਦਾ ?

ਨੂਰਸ਼ਾਹ : ਸਹਿਜ ਜੋਗ !

ਜੋਗੀ : ਜੋਗ ਮਤ ਨਾਲੋਂ ਕੋਈ ਵੱਡਾ ਧਰਮ ਨਹੀਂ।

ਨੂਰਸ਼ਾਹ : ਜੋਗੀ ਜੀ ਮਹਾਰਾਜ ਮੈਂ ਸਭ ਅਵਸਥਾਵਾਂ ਵਿਚੋਂ ਲੰਘੀ ਹਾਂ।

ਮੰਤਰੀ : ਉਸ ਦੀ ਸਿਖਿਆ ਦਾ ਢੰਗ ਕੀ ਹੈ ?

ਨੂਰਸ਼ਾਹ : ਉਸ ਦੇ ਨੂਰੀ ਚਿਹਰੇ ਦਾ ਬਹੁਤ ਸੁਖਾਵਾਂ ਪ੍ਰਭਾਵ ਪੈਂਦਾ ਹੈ। ਰਾਗ ਵਿਦਿਆ ਤੇ ਵਿਦਵਤਾ ਵਿਚ ਪ੍ਰਬੀਨ ਹੈ।

ਰਾਜਾ : ਸ਼ਕਲ-ਸੂਰਤ ਤੇ ਭੇਸ ਕੈਸਾ ਹੈ ?

ਨੂਰਸ਼ਾਹ : (ਬੜੀ ਮਸਤੀ ਨਾਲ) ਨੂਰਾਨੀ ਚਿਹਰਾ, ਨਾਮ-ਖੁਮਾਰੀ ਵਿਚ ਅੱਧ-ਖੁਲ੍ਹੀਆਂ ਅੱਖਾਂ, ਬੁਲ੍ਹਾਂ ਤੇ ਇਲਾਹੀ ਖੇੜਾ, ਰੱਬੀ ਸੂਰਤ

ਯਾਦ ਆਉਣ ਨਾਲ ਪ੍ਰਾਣੀ-ਮਾਤਰ ਦੀਆਂ ਅੱਖਾਂ ਬਦੋ-ਬਦੀ ਝੁਕ ਜਾਂਦੀਆਂ ਹਨ।

ਮੰਤਰੀ : ਕੀ ਤੁਸੀਂ ਝਟ ਪਟ ਪ੍ਰਭਾਵਤ ਹੋ ਗਏ ਸੀ ?

ਨੂਰਸ਼ਾਹ : ਨਹੀਂ ! ਮੇਰੇ ਵਿਚ ਬਹੁਤ ਹਉਮੈ ਸੀ। ਪਹਿਲਾਂ ਮੈਂ ਆਪਣੀ ਸਾਰੀ ਜਾਦੂ-ਸ਼ਕਤੀ ਦੀ ਵਰਤੋਂ ਕੀਤੀ। ਫੇਰ ਮਹਾਂਪੁਰਸ਼ ਨੂੰ ਮਾਯਾ-ਜਾਲ ਵਿਚ ਫਸਾਉਣ ਦਾ ਤਾਣ ਲਾਇਆ, ਪਰ ਕੋਈ ਪੇਸ਼ ਨਾ ਗਈ। ਅਖੀਰ ਬਲਵਾਨ ਆਤਮਾ ਅੱਗੇ ਬਦੋ-ਬਦੀ ਸਿਰ ਝੁਕ ਗਿਆ।

ਰਾਜਾ : ਉਸ ਪਾਸ ਅਜੇਹੀ ਕਿਹੜੀ ਕਰਾਮਾਤ ਹੈ ?

ਨੂਰਸ਼ਾਹ : ਮੈਂ ਦਸ ਚੁਕੀ ਹਾਂ, ਉਸ ਦੀ ਸਭ ਤੋਂ ਵੱਡੀ ਕਰਾਮਾਤ ਇਕ ਪ੍ਰਭੂ ਦਾ ਨਾਮ ਹੈ।

ਰਾਜਾ : ਨਾਮ ਤੋਂ ਕਿਆ ਭਾਵ ?

ਨੂਰਸ਼ਾਹ : ਸਰਬ ਸ਼ਕਤੀਮਾਨ ਪਰਮਾਤਮਾ ਦੀ ਹੋਂਦ ਨੂੰ ਹਰ ਥਾਂ, ਹਰ ਪਲ ਯਾਦ ਰੱਖਣਾ। ਸਿਮਰਨ ਦਵਾਰਾ ਉਸ ਨਾਲ ਅਭੇਦ ਹੋਣਾ।

ਜੋਗੀ : ਬਸ ! ਇਹ ਤਾਂ ਕੁਛ ਵੀ ਗੱਲ ਨਹੀਂ।

ਰਾਜਾ : ਦੇਵੀ, ਪ੍ਰਭੂ ਨਾਲ ਅਭੇਦ ਹੋਣ ਲਈ ਮੈਨੂੰ ਦੁਨੀਆ ਤਿਆਗ ਕੇ ਜੰਗਲ ਜਾਣਾ ਪਵੇਗਾ ?

ਨੂਰਸ਼ਾਹ : ਬਿਲਕੁਲ ਨਹੀਂ।

ਜੋਗੀ : ਸੰਸਾਰ ਤਿਆਗੇ ਬਿਨਾਂ ਕਦਾਚਿੱਤ ਨਿਰਵਾਣ ਪਦ ਪ੍ਰਾਪਤ ਨਹੀਂ ਹੋ ਸਕਦਾ।

ਪ੍ਰੋਹਤ : ਸ਼ਾਸਤਰ ਮਰਯਾਦਾ ਅਨੁਸਾਰ ਚਲਣ ਨਾਲ ਹੀ ਮੋਕਸ਼ ਸੰਭਵ ਹੈ।

ਜੋਗੀ : ਪਰਮਾਰਥ ਦੇ ਪੰਧਾਊ ਲਈ ਸਭ ਤੋਂ ਵੱਡਾ ਬੰਧਨ ਗ੍ਰਿਹਸਤ ਮਾਰਗ ਹੈ।

ਅਘੋਰ : ਐਸਾ ਕਿਹੜਾ ਧਰਮ ਹੈ ਜੋ ਗ੍ਰਿਹਸਥ ਮਾਰਗ ਵਿਚ ਰਹਿੰਦਿਆਂ ਮੁਕਤੀ ਦਾ ਰਾਹ ਦਸਦਾ ਹੈ ?

ਜੋਗੀ : (ਲਾ ਕੇ) ਵਾਮ-ਮਾਰਗੀ ਝਟ ਪਟ ਕਿੱਦਾਂ ਬਦਲ ਸਕਦੇ ਨੇ ! ਕੋਈ ਭੇਦ ਹੈ !

ਨੂਰਸ਼ਾਹ : ਸੱਜਣ ਪੁਰਸ਼, ਇਹ ਤਾਂ ਮਨ ਦੀ ਦਸ਼ਾ ਤੇ ਨਿਰਭਰ ਹੈ। ਰੱਬ ਦੇ ਭਗਤ ਅਜੇਹਾ ਵਾਤਾਵਰਣ ਪੈਦਾ ਕਰ ਲੈਂਦੇ ਹਨ, ਜਿਸ ਵਿਚ ਪਰਿਵਰਤਨ ਸਹਿਜੇ ਹੋ ਸਕਦਾ ਹੈ।



ਰਾਜਾ : ਦੇਵੀ ਜੀ, ਮੈਨੂੰ ਉਸ ਕਾਮਲ ਮੁਰਸ਼ਦ ਦੇ ਛੇਤੀ ਦਰਸ਼ਨ ਕਰਵਾਓ।

ਨੂਰਸ਼ਾਹ : ਜ਼ਰੂਰ ਕਰਾਵਾਂਗੀ, ਜੇ ਮੇਰਾ ਵੱਸ ਚਲਿਆ ਤਾਂ।

ਰਾਜਾ : ਉਹ ਇਸ ਵਕਤ ਕਿਥੇ ਨੇ ?

ਨੂਰਸ਼ਾਹ : ਭਗਤਾਂ ਦੇ ਅੰਗ-ਸੰਗ।

ਪ੍ਰੋਹਤ : ਢਾਕੇ ਵਿਚ ਹੀ ਕੁਧਰਮ ਫੈਲਾ ਰਿਹਾ ਹੈ।

ਨੂਰਸ਼ਾਹ : ਉਹ ਕੁਫਰ-ਗੜ੍ਹ ਤੋੜਨ ਵਿਚ ਰੁੱਝੇ ਹੋਏ ਨੇ (ਪ੍ਰੋਹਤ ਨੂੰ ਲਾ ਕੇ) ਪਾਖੰਡੀਆਂ ਦਾ ਪਾਜ ਉਘਾੜਨ ਵਿਚ ਲੱਗੇ ਹੋਏ ਨੇ।

ਜੋਗੀ : ਰਾਜਾ, ਇਹ ਕੁਸੰਗਣ ਤੈਨੂੰ ਪੁੱਠੇ ਰਾਹ ਪਾ ਰਹੀ ਹੈ। ਸੰਭਲ ਜਾ !

ਪ੍ਰੋਹਤ : ਰਾਜਾ, ਸਨਾਤਨੀ ਧਰਮ ਦੀ ਹਾਨੀ ਨਾ ਕਰ !

ਰਾਜਾ : ਮੈਂ ਸਾਰੀ ਉਮਰ ਤੁਹਾਡੇ ਆਖੇ ਲਗਦਾ ਰਿਹਾ ਹਾਂ। ਹੁਣ ਮੈਨੂੰ ਨਵਾਂ ਰਾਹ ਦੇਖ ਲੈਣ ਦਿਓ। ਤੁਸੀਂ ਬੇ-ਆਰਾਮ ਨਾ ਹੋਵੋ। ਜੇ ਦੱਛਣਾ ਚਾਹੀਦੀ ਹੈ ਤਾਂ ਲੈ ਜਾਵੋ।

ਜੋਗੀ : ਚਲੋ, ਅਸੀਂ ਹੋਰ ਹਾਨੀ ਨਹੀਂ ਸਹਾਰ ਸਕਦੇ। ਇਸ ਦੀ ਮਤ ਤੇ ਪਰਦਾ ਪੈ ਗਿਆ ਹੈ। ਭੈਰੋ ਨਾਥ ਦੀ ਜੈ ਹੋ !

ਕਪਾਲਕ : ਸ਼ਿਵ ਸ਼ੰਭੂ !

ਅਘੋਰ : ਅਖ਼ੀਰ ਇਸ ਨੂੰ ਸਾਡੀ ਸ਼ਰਨ ਲੈਣੀ ਪੈਣੀ ਹੈ।

ਨੂਰਸ਼ਾਹ : ਕੀ ਪਤਾ ਤੁਹਾਨੂੰ ਹੀ ਉਸ ਦੀ ਸ਼ਰਨ ਵਿਚ ਪਿਆਂ ਸ਼ਾਂਤੀ ਮਿਲੇ।

ਰਾਜਾ : (ਮੰਤਰੀ ਨੂੰ) ਜਾਓ, ਉਸ ਪੰਜਾਬ ਦੇ ਪੀਰ ਦਾ ਥਹੁ ਪਤਾ ਕੱਢੋ। ਦੇਵੀ ! ਮੇਰੀ ਰੱਖਿਆ ਕਰੋ। ਮੇਰਾ ਮਨ ਬੇਚੈਨ, ਡਾਵਾਂ-ਡੋਲ ਹੈ। ਰਾਣੀ ਪਦਮਾ ਦੀ ਮੌਤ ਨੇ ਮੇਰਾ ਹਿਰਦਾ ਕੰਬਾ ਦਿਤਾ ਹੈ ! ਉਸ ਦੇ ਆਖ਼ਰੀ ਬੋਲ ਮੈਨੂੰ ਲਾਹਨਤਾਂ ਪਾ ਰਹੇ ਨੇ। ਇਨ੍ਹਾਂ ਸਾਧੂਆਂ ਦੀਆਂ ਗੱਲਾਂ ਨੇ ਮੈਨੂੰ ਹੋਰ ਵੀ ਉਪਰਾਮ ਕਰ ਦਿਤਾ ਹੈ। ਮੈਨੂੰ ਚੌਹੀਂ ਪਾਸੀਂ ਧੁੰਧ-ਗੁਬਾਰ ਤੋਂ ਬਿਨਾਂ ਕੁਝ ਦਿਖਾਈ ਨਹੀਂ ਦੇ ਰਿਹਾ। ਮੇਰੀ ਰਕਸ਼ਾ ਕਰੋ।

ਨੂਰਸ਼ਾਹ : ਨਵਾਂ ਮਾਰਗ ਸਿਦਕ-ਭਰੋਸੇ ਦੀ ਖਾਣ ਹੈ। ਸ਼ਰਧਾ ਭਾਵ ਧਾਰੋ, ਉਹ ਖ਼ੁਦ ਇਥੇ ਖਿੱਚੇ ਆਉਣਗੇ।

(ਇਕ ਪਿਆਦਾ ਨੱਸਾ ਆਉਂਦਾ ਹੈ)

ਪਿਆਦਾ : (ਝੁਕ ਕੇ) ਮਹਾਰਾਜ, ਵਧਾਈ ਹੋਵੇ ! ਅਸਲ ਚੋਰ ਫੜਿਆ ਗਿਆ ਹੈ।

ਰਾਜਾ : ਸੱਚ ਮੁੱਚ !

[ਸਭ ਲੋਕੀ ਬੜੀ ਉਤਸਕਤਾ ਨਾਲ ਪਿਆਦੇ ਵਲ ਵੇਖਦੇ ਹਨ । ਹੱਠਜੋਗੀ ਤੇ ਪ੍ਰੋਹਤ ਵੀ ਮੂੰਹ ਮੋੜ ਕੇ ਝਾਕਦੇ ਹਨ ।]

ਮੰਤਰੀ : ਕਿਥੋਂ ਫੜਿਆ ਹੈ ?

ਪਿਆਦਾ : ਮਹਾਰਾਜ ! ਢੰਡੋਰਾ ਸੁਣ ਕੇ ਖੁਦ ਹਾਜ਼ਰ ਹੋ ਗਿਆ ਹੈ ।

ਰਾਜਾ : ਇਨਾਮ ਦਾ ਬਹੁਤ ਵੱਡਾ ਲਾਲਚ ਸੀ ।

ਪਿਆਦਾ : ਹੁਕਮ ਹੋਵੇ ਤਾਂ ਹਾਜ਼ਰ ਕੀਤਾ ਜਾਵੇ ।

ਰਾਜਾ : ਫ਼ੌਰਨ ਪੇਸ਼ ਕਰੋ । ਜ਼ਰਾ ਮਾਸਾ ਬੋਝ ਤਾਂ ਮਨ ਤੋਂ ਹਲਕਾ ਹੋਵੇ ।

ਨੂਰਸ਼ਾਹ : ਰਾਜਨ ! ਸਾਡੇ ਸਭ ਦੇ ਅੰਦਰ ਚੋਰ ਹੈ । ਦੂਜਿਆਂ ਤੇ ਦੋਸ਼ ਥਪਣ ਤੋਂ ਪਹਿਲਾਂ ਆਪਣੇ ਅੰਦਰ ਝਾਤੀ ਮਾਰੋ ।

[ਇਕ ਸਾਫ਼-ਸੁਥਰਿਆਂ ਕਪੜਿਆਂ ਵਾਲਾ ਪ੍ਰਭਾਵਸ਼ਾਲੀ ਪੁਰਸ਼ ਬੜੀ ਗੰਭੀਰਤਾ ਨਾਲ ਸਾਹਮਣੇ ਆਉਂਦਾ ਹੈ ।]

ਰਾਜਾ : ਜੀ ਆਇਆਂ ਨੂੰ ! ਦੋਸਤ ਭੂਮੀਆ ਜੀ ! ਤੁਸੀਂ ਚੋਰ ਨੂੰ ਫੜਿਆ ਹੈ ?

ਮੰਤਰੀ : ਆਖ਼ਰ ਮਿੱਤਰ ਹੀ ਵੇਲੇ ਸਿਰ ਬਹੁੜਦਾ ਹੈ ।

ਰਾਜਾ : ਚੋਰ ਕਿਥੇ ਹੈ ?

ਭੂਮੀਆ : ਮਹਾਰਾਜ, ਚੋਰ ਤੁਹਾਡੇ ਸਾਹਮਣੇ ਖੜਾ ਹੈ ।

ਰਾਜਾ : ਮਖੌਲ ਨਾ ਕਰ ਦੋਸਤ ! ਤੈਨੂੰ ਮੇਰੇ ਦੁੱਖ ਦਾ ਪਤਾ ਨਹੀਂ, ਜ਼ਖ਼ਮਾਂ ਤੇ ਨਿਮਕ ਛਿੜਕਣ ਵਾਲੀ ਕੋਈ ਗੱਲ ਨਾ ਕਰ ।

ਭੂਮੀਆ : ਢੰਡੋਰਾ ਤੁਸਾਂ ਪਿਟਵਾਇਆ ਸੀ ?

ਰਾਜਾ : ਬਿਲਕੁਲ !

ਭੂਮੀਆ : ਇਹੋ ਪਈ ਜਿਹੜਾ ਚੋਰ ਆਪਣੇ ਆਪ ਨੂੰ ਪੇਸ਼ ਕਰ ਦੇਵੇਗਾ, ਉਸ ਦਾ ਗੁਨਾਹ ਬਖ਼ਸ਼ ਦਿਤਾ ਜਾਵੇਗਾ ।

ਰਾਜਾ : ਮੈਂ ਇਸ ਬਚਨ ਤੇ ਅਟੱਲ ਹਾਂ, ਚੋਰ ਨੂੰ ਛੇਤੀ ਪੇਸ਼ ਕਰ ।

ਭੂਮੀਆ : ਇਕ ਦਫ਼ਾ ਫੇਰ ਸੋਚ ਲਵੋ !



ਰਾਜਾ : ਪੂਰੀ ਤਰ੍ਹਾਂ ਸੋਚਿਆ ਹੋਇਆ ਹੈ ।

ਭੂਮੀਆ : (ਅਜੇ ਵੀ ਯਕੀਨ ਨਾ ਕਰਦਾ ਹੋਇਆ) ਖ਼ੈਰ, ਇਹ ਧੋਖਾ ਵੀ ਹੋਇਆ, ਜਿਵੇਂ ਕਿ ਰਾਜਨੀਤੀ ਦਾ ਕਾਇਦਾ ਹੈ, ਤਾਂ ਵੀ ਮੈਂ ਅੱਜ ਹਾਜ਼ਰ ਹੋ ਜਾਣਾ ਸੀ ।

ਰਾਜਾ : ਕਿਉਂ ?

ਭੂਮੀਆ : ਬੇਕਸੂਰ ਬੰਦਿਆਂ ਤੇ ਹੁੰਦਾ ਜ਼ੁਲਮ ਰੋਕਣ ਲਈ ।

ਨੂਰਸ਼ਾਹ : ਆਪਣੇ ਬਚਨਾਂ ਤੇ ਕਾਇਮ ਰਹਿਣਾ ਰਾਜੇ ਦਾ ਧਰਮ ਹੈ । ਮੈਂ ਇਸ ਦੀ ਜ਼ਿੰਮੇਵਾਰੀ ਲੈਂਦੀ ਹਾਂ ।

ਭੂਮੀਆ : ਦੇਵੀ ਜੀ ! ਧਰਮ-ਨਿਆਂ ਦੀ ਇਸ ਨਗਰ ਵਿਚ ਗੱਲ ਨਾ ਕਰੋ ।

ਨੂਰਸ਼ਾਹ : ਸਜਣਾ, ਕੂੜ ਦੀ ਪਾਲ ਢਹਿਣ ਹੀ ਵਾਲੀ ਹੈ ।

ਰਾਜਾ : (ਬੇਸਬਰ ਹੁੰਦਾ ਹੋਇਆ) ਚੋਰ ਨੂੰ ਛੇਤੀ ਪੇਸ਼ ਕਰ !

ਭੂਮੀਆ : ਹੁਣੇ ਸਭ ਕੁਝ ਦਸਦਾ ਹਾਂ, ਪਹਿਲਾਂ ਨਿਰਦੋਸ਼ ਬੰਦਿਆਂ ਦੀ ਬੰਦ-ਖ਼ਲਾਸੀ ਕੀਤੀ ਜਾਵੇ ।

ਨੂਰਸ਼ਾਹ : ਰਾਜਨ ! ਫ਼ੌਰਨ ਇਹ ਉਪਕਾਰ ਕਰੋ ।

ਰਾਜਾ : ਦੇਵੀ ਜੀ ਦੀ ਇੱਛਾ ਅਨੁਸਾਰ ਸਭ ਦੀ ਰਿਹਾਈ ਦਾ ਹੁਕਮ ਦਿੱਤਾ ਜਾਂਦਾ ਹੈ ।

ਮੰਤਰੀ : (ਕੋਤਵਾਲ ਨੂੰ ਇਸ਼ਾਰਾ ਕਰਦਾ ਹੈ) ਜਾਓ, ਫ਼ੌਰਨ ਅਮਲ ਕਰੋ ।

ਰਾਜਾ : ਦੋਸਤ ! ਚੋਰ ਨੂੰ ਛੇਤੀ ਪੇਸ਼ ਕਰ ।

ਭੂਮੀਆ : (ਕਸੂਰਵਾਰ ਵਾਂਗ ਸਾਹਮਣੇ ਖੜਾ ਹੋ ਕੇ) ਦੋਸ਼ੀ ਤੁਹਾਡੇ ਸਾਹਮਣੇ ਹਾਜ਼ਰ ਹੈ ।

ਰਾਜਾ : ਯਕੀਨ ਨਹੀਂ ਆਉਂਦਾ ! ਅੱਛਾ ! ਮੇਰੇ ਸਵਾਲਾਂ ਦਾ ਜਵਾਬ ਦੇ । ਹੁਣੇ ਸੱਚ-ਝੂਠ ਦਾ ਨਤਾਰਾ ਹੋ ਜਾਂਦਾ ਹੈ ।

ਭੂਮੀਆ : ਪੁੱਛੋ !

ਰਾਜਾ : ਚੋਰੀ ਕਦੋਂ ਤੇ ਕਿਹੜੇ ਸਮੇਂ ਕੀਤੀ ਸੀ ?

ਭੂਮੀਆ : ਪਰਸੋਂ ਅੱਧੀ ਰਾਤ ਸਮੇਂ ।

ਰਾਜਾ : ਇਹ ਤਾਂ ਸਭ ਨੂੰ ਪਤਾ ਹੈ । ਕਿਹੜੇ ਕਮਰੇ ਵਿਚ ?

ਭੂਮੀਆ : ਜਿਥੋਂ ਰਾਣੀ ਦਾ ਕੀਮਤੀ ਮਾਲ ਮਿਲਣ ਦੀ ਆਸ ਸੀ ।

ਰਾਜਾ : ਰਾਣੀ ਉਸ ਸਮੇਂ ਕਿੱਥੇ ਸੀ ?

ਭੂਮੀਆ : ਦੁਰਗਾ ਦੇਵੀ ਦੀ ਪੂਜਾ ਕਰਦੀ ਨੂੰ ਬੇਹੋਸ਼ ਕੀਤਾ ਗਿਆ ਸੀ।

ਰਾਜਾ : ਸਦ ਅਫ਼ਸੋਸ ! ਮੇਰੇ ਸ਼ਕੀ ਸੁਭਾ ਤੇ ਲਖ ਲਾਹਨਤ !

ਭੂਮੀਆ : ਰਾਣੀ ਜੀ ਨੂੰ ਮੇਰੇ ਕਾਰਣ ਕੀ ਦੁੱਖ ਪੁੱਜਾ ਹੈ ?

ਨੂਰਸ਼ਾਹ : ਉਸ ਨੇ ਆਤਮ-ਹੱਤਿਆ ਕਰ ਲਈ।

ਭੂਮੀਆ : ਬੇਹੱਦ ਦੁੱਖ-ਭਰੀ ਖ਼ਬਰ ਹੈ ! ਮੇਰੀ ਜ਼ਮੀਰ ਤੇ ਮਣਾਂ-ਮੂੰਹੀ ਭਾਰ ਆ ਪਿਆ ਹੈ। (ਅਫ਼ਸੋਸ ਨਾਲ ਚੁੱਪ ਹੋ ਜਾਂਦਾ ਹੈ।)

ਰਾਜਾ : ਦੋਸਤ, ਤੂੰ ਪਹਿਲਾਂ ਕਿਉਂ ਨਾ ਪ੍ਰਗਟ ਹੋਇਆ ?

ਭੂਮੀਆ : ਢੰਡੋਰਾ ਸੁਣਦੇ-ਸਾਰ ਹੀ ਆ ਪੁੱਜਾ ਹਾਂ। ਮੇਰੇ ਚਿਤ-ਚੇਤੇ ਵੀ ਨਹੀਂ ਸੀ ਕਿ ਕਲਜੁਗੀ ਰਾਜੇ ਐਨੇ ਸ਼ੱਕੀ ਸੁਭਾ, ਕਾਹਲੇ ਤੇ ਬੇਸਬਰੇ ਹੁੰਦੇ ਹਨ।

ਰਾਜਾ : ਕਿਹੜੇ ਰਸਤੇ ਰਣਵਾਸ ਵਿਚ ਦਾਖ਼ਿਲ ਹੋਇਆ ਸੀ ?

ਭੂਮੀਆ : ਮੁੱਖ ਡਿਉਢੀ ਥਾਣੀ ?

ਰਾਜਾ : ਇਹ ਕਿਸ ਤਰ੍ਹਾਂ ਹੋ ਸਕਦਾ ਹੈ ? ਪਹਿਰੇਦਾਰਾਂ ਨੇ ਤੈਨੂੰ ਰੋਕਿਆ ਨਾ ?

ਭੂਮੀਆ : ਜ਼ਰੂਰ ਰੋਕਿਆ ਸੀ। ਉਨ੍ਹਾਂ ਨੇ ਆਪਣਾ ਫ਼ਰਜ਼ ਨਿਭਾਇਆ ਸੀ।

ਰਾਜਾ : ਫੇਰ ਤੂੰ ਅੰਦਰ ਕਿਸ ਤਰ੍ਹਾਂ ਚਲਾ ਗਿਆ ?

ਭੂਮੀਆ : ਉਨ੍ਹਾਂ ਨੇ ਮੈਨੂੰ ਲਲਕਾਰਿਆ—'ਕੌਣ ਹੈ ?' ਮੈਂ ਪੂਰੇ ਆਤਮ-ਵਿਸ਼ਵਾਸ ਨਾਲ ਜਵਾਬ ਦਿਤਾ ਕਿ ਮੈਂ ਚੋਰ ਹਾਂ। ਮੇਰੇ ਕਰਾਰੇ ਸ਼ਬਦਾਂ ਨੂੰ ਸ਼ਾਇਦ ਉਨ੍ਹਾਂ ਨੇ ਧਮਕੀ ਸਮਝਿਆ। ਇਕ-ਦਮ ਸਹਿਮ ਗਏ।

ਰਾਜਾ : ਤੈਨੂੰ ਰਾਣੀ ਦੇ ਕਮਰੇ ਦਾ ਕਿਸ ਤਰ੍ਹਾਂ ਪਤਾ ਸੀ ?

ਭੂਮੀਆ : ਰਾਜਾ, ਕੀ ਭੋਲੀਆਂ ਗੱਲਾਂ ਕਰ ਰਿਹਾ ਹੈਂ। ਅਸਲ ਵਿਚ ਤੇਰਾ ਵੀ ਕਸੂਰ ਨਹੀਂ। ਸਦਮੇ ਨਾਲ ਤੇਰਾ ਮਨ ਡਗਮਗਾ ਗਿਆ ਜਾਪਦਾ ਹੈ।

ਰਾਜਾ : ਮੇਰਾ ਮਨ ਬਿਨਾਂ ਚੱਪੂ, ਬੇੜੀ ਵਾਂਗ ਘੁੰਮਣ-ਘੇਰੀਆਂ ਖਾ ਰਿਹਾ ਹੈ।

ਭੂਮੀਆ : ਕੰਨਾਂ ਨਾਲ ਰਾਜ ਕਰਨ ਵਾਲਿਆਂ ਦਾ ਇਹੋ ਹਾਲ ਹੁੰਦਾ ਹੈ।

ਰਾਜਾ : ਕਿਆ ਕਿਆ ਸਮਾਨ ਚੁਰਾਇਆ ਸੀ ?

ਭੂਮੀਆ : (ਮੁਸਕ੍ਰਾ ਕੇ) ਚੁਰਾਇਆ ਕੁਛ ਨਹੀਂ, ਸਿਰਫ਼ ਕੱਠਾ ਕੀਤਾ ਸੀ।

ਰਾਜਾ : ਕਿਹੜੀਆਂ ਕਿਹੜੀਆਂ ਵਸਤਾਂ ਇਕੱਠੀਆਂ ਕੀਤੀਆਂ ਸਨ ?



ਭੂਮੀਆ : ਨਕਦੀ ਮਾਲ—ਰਾਣੀ ਦੇ ਸਾਰੇ ਗਹਿਣੇ, ਹੀਰੇ, ਮੋਤੀ, ਪੰਨੇ, ਜਵਾਹਰਾਤ।

ਰਾਜਾ : ਉਹ ਮਾਲ ਕਿਸ ਚੀਜ਼ ਵਿਚ ਬੰਨ੍ਹਿਆ ਸੀ ?

ਭੂਮੀਆ : ਰਾਣੀ ਦੀ ਇਕ ਸੁੱਚੀ ਸਾੜ੍ਹੀ ਵਿਚ।

ਰਾਜਾ : (ਸਾਹੋ-ਸਾਹ) ਉਸ ਦਾ ਰੰਗ ?

ਭੂਮੀਆ : ਸੂਹਾ, ਸ਼ਾਇਦ ਸੁਹਾਗ ਰਾਤ ਦੀ ਨਿਸ਼ਾਨੀ ਸੀ।

ਰਾਜਾ : (ਅਤੀ ਦੁੱਖੀ ਹੁੰਦਾ ਹੋਇਆ) ਬਿਲਕੁਲ ਠੀਕ ਹੈ, ਉਹ ਸ਼ਗਨਾਂ ਦੀ ਸਾੜ੍ਹੀ ਪਹਿਨ ਕੇ ਇਸ ਘਰ ਵਿਚ ਦਾਖ਼ਲ ਹੋਈ ਸੀ।

ਨੂਰਸ਼ਾਹ : (ਜੋ ਬੜੇ ਗਹੁ ਨਾਲ ਭੂਮੀਏ ਨੂੰ ਤਾੜ ਰਹੀ ਸੀ) ਇਹ ਸੱਚ ਬੋਲਣ ਪਿੱਛੇ ਕਿਹੜੀ ਸ਼ਕਤੀ ਤੈਨੂੰ ਉਭਾਰ ਰਹੀ ਹੈ ?

ਭੂਮੀਆ : ਇਕ ਰੱਬੀ ਰਹਿਬਰ, ਕਾਮਲ ਮੁਰਸ਼ਦ ਦਾ ਉਪਦੇਸ਼ !

ਨੂਰਸ਼ਾਹ : (ਬੜੀ ਉਤਸੁਕਤਾ ਨਾਲ) ਕੌਣ ਹੈ ਉਹ ਮੁਰਸ਼ਦ ?

ਰਾਜਾ : (ਹੱਥ ਜੋੜ ਕੇ ਨੂਰਸ਼ਾਹ ਨੂੰ) ਦੇਵੀ ਜੀ, ਦੋ ਪਲ ਆਗਿਆ ਦਿਓ, ਮੈਨੂੰ ਆਪਣੇ ਮਨ ਦੀ ਦੁਬਿਧਾ ਦੂਰ ਕਰ ਲੈਣ ਦਿਓ।

ਭੂਮੀਆ : ਭੁੱਲੜ ਰਾਜਾ ! ਮੈਨੂੰ ਤੇਰੇ ਨਾਲ ਪੂਰਨ ਹਮਦਰਦੀ ਹੈ।

ਰਾਜਾ : ਸਭ ਤੋਂ ਅਸਚਰਜ ਗੱਲ ਤਾਂ ਇਹ ਹੈ, ਉਹ ਮਾਲ 'ਕੱਠਾ ਕਰ ਕੇ ਤੂੰ ਛੱਡ ਕਿਉਂ ਗਿਆ ਸੀ ?

ਭੂਮੀਆ : ਇਸ ਪਿੱਛੇ ਇਕ ਡੂੰਘਾ ਭੇਦ ਹੈ।

ਰਾਜਾ : ਕਿਆ ਉਹ ਮੈਨੂੰ ਵੱਖਰਾ ਦੱਸਣ ਵਾਲਾ ਹੈ ?

ਭੂਮੀਆ : ਨਹੀਂ, ਸੱਚ ਹਮੇਸ਼ਾ ਨੰਗਾ ਤੇ ਬੇਖ਼ੌਫ਼ ਹੁੰਦਾ ਹੈ।

ਨੂਰਸ਼ਾਹ : ਉਹ ਸੱਚ ਜਾਨਣ ਲਈ ਮੇਰਾ ਮਨ ਰਾਜੇ ਨਾਲੋਂ ਵੀ ਕਾਹਲਾ ਹੈ।

ਰਾਜਾ : ਦੋਸਤ, ਛੇਤੀ ਭੇਦ ਤੋਂ ਪਰਦਾ ਹਟਾ ?

ਭੂਮੀਆ : ਕੰਧ ਨੂੰ ਸੰਨ੍ਹ ਲਾਉਣ ਵਿਚ ਬਾਹਲਾ ਸਮਾਂ ਲਗ ਗਿਆ ਸੀ। ਮੈਂ ਭੁੱਖ ਨਾਲ ਬੇਹਾਲ ਹੋ ਰਿਹਾ ਸਾਂ। ਐਧਰ ਓਧਰ ਹੱਥ ਪੈਰ ਮਾਰੇ, ਘੁੱਪ ਹਨੇਰਾ ਸੀ। ਖੰਡ ਦੇ ਭੁਲੇਖੇ ਲੂਣ ਦਾ ਫੱਕਾ ਮਾਰ ਬੈਠਾ। ਬਸ ਉਸੇ ਪਲ ਸਭ ਕੁਝ ਛਡ-ਛਡਾ ਕੇ ਸੰਨ੍ਹ ਦੇ ਰਸਤੇ ਬਾਹਰ ਨਿਕਲ ਗਿਆ।

ਰਾਜਾ : ਉਹ ਕਿਉਂ ?

ਭੂਮੀਆ : ਮੇਰੇ ਗੁਰੂ ਦਾ ਹੁਕਮ ਸੀ ਕਿ ਕਿਸੇ ਦਾ ਲੂਣ ਖਾ ਕੇ ਹਰਾਮ ਨਹੀਂ ਕਰਨਾ ।

ਨੂਰਸ਼ਾਹ : (ਖੜੀ ਉਤਸੁਕਤਾ ਨਾਲ) ਕੌਣ ਹੈ ਉਹ ਗੁਰੂ ? ਹੁਣ ਕਿਥੇ ਹੈ ?

ਭੂਮੀਆ : ਦੇਵੀ ਸਬਰ ਨਾਲ ਸੁਣੋ, ਸਭ ਕੁਛ ਦਸਦਾ ਹਾਂ ।

ਰਾਜਾ : ਮਿੱਤਰ ! ਸਾਰੀ ਗੱਲ ਖੋਲ੍ਹ ਕੇ ਦੱਸ, ਤੇਰੀ ਹਰ ਗਲ ਪਿੱਛੇ ਕੋਈ ਗੁੱਝਾ ਭੇਦ ਹੈ ।

ਭੂਮੀਆ : ਰਾਜਨ, ਮੈਂ ਵੀ ਤੇਰੇ ਵਾਂਗ ਬਹੁਤ ਪਾਪੀ ਪੁਰਸ਼ ਹਾਂ । ਲੋਕਾਂ ਵਿਚ ਮਹਾਂਦਾਨੀ ਦੇ ਤੌਰ ਤੇ ਮਸ਼ਹੂਰ ਹਾਂ । ਸ਼ਾਇਦ ਤੁਹਾਨੂੰ ਪਤਾ ਹੋਵੇ ਮੈਂ ਸਦਾ-ਵਰਤ ਲਾਇਆ ਹੋਇਆ ਹੈ ।

ਰਾਜਾ : ਚੰਗੀ ਤਰ੍ਹਾਂ ਪਤਾ ਹੈ ।

ਨੂਰਸ਼ਾਹ : (ਰਾਜੇ ਨੂੰ) ਕਿਆ ਇਹ ਜ਼ਿੰਮੀਦਾਰ ਭੂਮੀਆ ਹੈ ?

ਰਾਜਾ : ਹਾਂ ਉਹੋ ਹੀ ਹੈ ।

ਭੂਮੀਆ : ਮੇਰਾ ਪੇਸ਼ਾ ਤੇਰੇ ਨਾਲ ਕਾਫ਼ੀ ਮਿਲਦਾ ਹੈ ।

ਰਾਜਾ : (ਖਿਆਲੀ ਧੱਕਾ ਅਨੁਭਵ ਕਰਦਾ ਹੋਇਆ) ਕਿਸ ਤਰ੍ਹਾਂ ?

ਭੂਮੀਆ : ਮੇਰਾ ਅਸਲ ਪੇਸ਼ਾ ਡਾਕੇ ਮਾਰਨਾ, ਰਾਹ ਜਾਂਦੇ ਗ਼ਰੀਬ-ਗ਼ੁਰਬੇ ਨੂੰ ਲੁਟਣਾ ਤੇ ਕਤਲ ਕਰਨਾ ਸੀ । ਸੌਖਾ ਸ਼ਿਕਾਰ ਜਾਣ ਕੇ ਮਾੜੇ ਬੰਦੇ ਨੂੰ ਜ਼ਿਆਦਾ ਹੱਥ ਪਾਉਂਦਾ ਸਾਂ ।

ਰਾਜਾ : (ਅਤੀ ਹੈਰਾਨੀ ਨਾਲ) ਪਰ ਤੇਰੇ ਨੇਕ ਅਮਲਾਂ ਦੀ ਸਾਰੇ ਇਲਾਕੇ ਵਿਚ ਧੁੰਮ ਹੈ ।

ਭੂਮੀਆ : ਤੈਨੂੰ ਵੀ ਤਾਂ ਭੋਲੇ-ਭਾਲੇ ਲੋਕ ਪਰਜਾ-ਪਤੀ ਤੇ ਪ੍ਰਤਾਪੀ ਰਾਜਾ ਕਹਿੰਦੇ ਨੇ । ਹੈ ਨਾ ਧੋਖਾ ਫ਼ਰੇਬ ?

ਰਾਜਾ : ਮੈਂ ਤਾਂ ਸਚਮੁਚ ਨੀਚ ਆਦਮੀ ਹਾਂ, ਪਰ ਤੂੰ ਤਾਂ ਧਾਰਮਕ ਪੁਰਸ਼ ਹੈਂ ।

ਭੂਮੀਆ : ਧਰਮ ਦੇ ਨਾਂ ਤੇ ਠੱਗੀ ਸਗੋਂ ਸੌਖੀ ਚਲਦੀ ਹੈ ।

ਨੂਰਸ਼ਾਹ : ਫੇਰ ਆਤਮਕ ਜਾਗ੍ਰਤ ਕਿੱਦਾਂ ਪੈਦਾ ਹੋਈ ?

ਭੂਮੀਆ : ਕੁਝ ਦਿਨ ਹੋਏ ਮੈਂ ਇਕ ਫ਼ਕੀਰ ਨੂੰ ਹੱਥ ਪਾ ਬੈਠਾ । ਮਾਰਨ ਦੀ ਨੀਤ ਧਾਰ ਕੇ ਰਾਤ ਨੂੰ ਉਸ ਦੀ ਖ਼ੂਬ ਖ਼ਾਤਰ ਕੀਤੀ ।



ਨੂਰਸ਼ਾਹ : ਫੇਰ ?

ਭੂਮੀਆ : ਉਸ ਤੇ ਗੁੱਝਾ ਵਾਰ ਕਰਨ ਸਮੇਂ ਮੇਰੇ ਹੱਥ ਝੂਠੇ ਪੈ ਗਏ ਅਤੇ ਸਦਾ ਲਈ ਬੁਰੇ ਕੰਮਾਂ ਤੋਂ ਰੁਕ ਗਏ ।

ਰਾਜਾ : ਜ਼ਰਾ ਹੋਰ ਖੋਲ੍ਹ ਕੇ ਦਸ, ਅਗੋਂ ਕਿਸ ਤਰ੍ਹਾਂ ਹੋਇਆ ?

ਭੂਮੀਆ : ਉਹ ਵੇਲਾ ਚੇਤੇ ਕਰ ਕੇ ਮੇਰੇ ਸਰੀਰ ਵਿਚ ਝਰਨਾਟਾਂ ਛਿੜ ਗਈਆਂ ਨੇ ।

ਨੂਰਸ਼ਾਹ : ਕੌਣ ਹੈ ਉਹ ਫ਼ਕੀਰ ?

ਰਾਜਾ : (ਤਰਲੇ ਨਾਲ) ਦੇਵੀ ਜੀ, ਮੇਰੀ ਹਾਲਤ ਤੇ ਤਰਸ ਕਰੋ । ਮੇਰਾ ਮਨ ਅਤਿਅੰਤ ਵਿਆਕੁਲ ਹੈ । ਮੈਨੂੰ ਬਾਕੀ ਗੱਲ ਸੁਣ ਲੈਣ ਦਿਓ ।

ਭੂਮੀਆ : (ਅੱਖਾਂ ਬੰਦ ਕਰ ਕੇ) ਉਨ੍ਹਾਂ ਦਾ ਇਕ ਇਕ ਸ਼ਬਦ ਦੁੱਖੀ ਦਿਲਾਂ ਨੂੰ ਠੰਢ ਪਾਉਣ ਵਾਲਾ ਹੈ ।

ਰਾਜਾ : ਦੋਸਤ ! ਉਸ ਤੋਂ ਬਾਅਦ ਫਿਰ ਕੀ ਹੋਇਆ ?

ਭੂਮੀਆ : ਹੋਣਾ ਕੀ ਸੀ, ਪੂਜਯ ਪੁਰਸ਼ ਨੇ ਮੇਰੇ ਮਨ ਦੀਆਂ ਅੱਖਾਂ ਖੋਲ੍ਹ ਦਿਤੀਆਂ ।

ਰਾਜਾ : ਤੈਨੂੰ ਚੋਰੀ ਕਰਨ ਤੋਂ ਨਾ ਵਰਜਿਆ ?

ਭੂਮੀਆ : ਨਹੀਂ ।

ਰਾਜਾ : (ਝਟਕਾ ਖਾ ਕੇ) ਨਹੀਂ ? ਫੇਰ ਜ਼ਰੂਰ ਕੋਈ ਠੱਗੀ ਹੈ ।

ਭੂਮੀਆ : ਮੈਂ ਕਾਮਲ ਗੁਰੂ ਨੂੰ ਹੱਥ ਜੋੜ ਕੇ ਬੇਨਤੀ ਕੀਤੀ ਸੀ ਕਿ ਮੈਂ ਆਦਤ ਤੋਂ ਮਜਬੂਰ ਹਾਂ । ਮੈਨੂੰ ਅਜਿਹਾ ਰਾਹ ਦੱਸੋ ਜਿਸ ਤੇ ਮੈਂ ਸੌਖੀ ਤਰ੍ਹਾਂ ਚਲ ਸਕਾਂ ।

ਨੂਰਸ਼ਾਹ : ਫੇਰ ਗੁਰੂ ਨੇ ਕੀ ਫ਼ਰਮਾਇਆ ?

ਭੂਮੀਆ : ਉਨ੍ਹਾਂ ਕਿਹਾ, ਅਸੀਂ ਤੈਨੂੰ ਤੇਰੇ ਕਿੱਤੇ ਤੋਂ ਨਹੀਂ ਹੋੜਦੇ ।

ਰਾਜਾ : ਭਾਵ ਤੈਨੂੰ ਚੋਰੀ ਡਾਕੇ ਮਾਰਨ ਦੀ ਖੁਲ੍ਹ ਦੇ ਦਿਤੀ ?

ਭੂਮੀਆ : ਹਾਂ ।

ਰਾਜਾ : ਅਜੀਬ ਗੁਰੂ ਹੈ ਉਹ !

ਭੂਮੀਆ : ਮੈਂ ਮਨ ਵਿਚ ਖ਼ੁਸ਼ ਵੀ ਹੋਇਆ ਤੇ ਹੈਰਾਨ ਵੀ । ਅਜਿਹੇ ਗੁਰੂ ਨਾਲ ਮੇਲ ਮੇਰੇ ਚਿਤ-ਚੇਤੇ ਵੀ ਨਹੀਂ ਸੀ ।

ਨੂਰਸ਼ਾਹ : ਉਨ੍ਹਾਂ ਦਾ ਸਮੁੱਚਾ ਉਪਦੇਸ਼ ਕੀ ਹੈ ?

ਭੂਮੀਆ : ਅਸਲੋਂ ਸਰਲ ਤੇ ਸਾਦਾ।

ਰਾਜਾ : ਉਹ ਕੀ ?

ਭੂਮੀਆ : ਕਿਰਤ ਕਰਨੀ, ਨਾਮ ਜਪਣਾ ਤੇ ਵੰਡ ਛਕਣਾ।

ਨੂਰਸ਼ਾਹ : ਹੋਰ ਕੀ ਉਪਦੇਸ਼ ਦਿਤਾ ?

ਭੂਮੀਆ : ਉਨ੍ਹਾਂ ਨੇ ਮੈਥੋਂ ਤਿੰਨ ਗੱਲਾਂ ਤੇ ਪੂਰਾ ਉਤਰਨ ਦਾ ਬਚਨ ਲਿਆ।

ਰਾਜਾ : ਉਹ ਤਿੰਨ ਗੱਲਾਂ ਕੀ ਸਨ ?

ਭੂਮੀਆ : ਪਹਿਲੀ, ਇਹੋ ਦ੍ਰਿੜ ਕਰਾਇਆ ਕਿ ਕਦੇ ਝੂਠ ਨਹੀਂ ਬੋਲਣਾ।

ਨੂਰਸ਼ਾਹ : ਠੀਕ, ਪਰਮ ਪ੍ਰਾਪਤੀ ਲਈ ਸਚਿਆਰ ਹੋਣ ਦੀ ਅਤੀ ਲੋੜ ਹੈ।

ਰਾਜਾ : ਦੂਜੀ ਗੱਲ ਕੀ ਸੀ ?

ਭੂਮੀਆ : ਗ਼ਰੀਬ-ਗ਼ੁਰਬੇ ਨੂੰ ਨਹੀਂ ਲੁੱਟਣਾ।

ਰਾਜਾ : ਏਸੇ ਕਰਕੇ ਤੂੰ ਮੇਰੇ ਮਹੱਲਾਂ ਵਿਚ ਡਾਕਾ ਮਾਰਿਆ ?

ਭੂਮੀਆ : ਰਾਜਾ, ਤੇਰੀ ਕਿਹੜੀ ਉਹ ਲਹੂ-ਪਸੀਨੇ ਦੀ ਕਮਾਈ ਹੈ।

ਰਾਜਾ : (ਸ਼ਰਮਿੰਦਾ ਹੋ ਕੇ) ਤੀਜਾ ਬਚਨ ਕੀ ਸੀ ?

ਭੂਮੀਆ : ਕਿਸੇ ਦਾ ਨਿਮਕ ਖਾ ਕੇ ਹਰਾਮ ਨਹੀਂ ਕਰਨਾ।

ਰਾਜਾ : ਇਸੇ ਕਰਕੇ ਤੂੰ ਚੋਰੀ ਦਾ ਮਾਲ ਇਕੱਠਾ ਕਰ ਕੇ ਛੱਡ ਗਿਆ ?

ਭੂਮੀਆ : ਮੈਂ ਆਦਤ ਤੋਂ ਮਜਬੂਰ ਹੋ ਗਿਆ ਸਾਂ। ਕਈ ਦਫ਼ਾ ਭਸ ਉਠਦਾ ਸੀ। ਗੁਰੂ ਨਾਲ ਕੀਤੇ ਬਚਨ ਮੇਰੇ ਹੱਥਾਂ ਨੂੰ ਰੋਕ ਪਾਉਂਦੇ ਰਹੇ। ਪਰ ਪਰਸੋਂ ਮੇਰਾ ਸਦਾ-ਵਰਤ ਟੁੱਟਣ ਦੇ ਕਰੀਬ ਸੀ। ਕੁਝ ਸੁਝਦਾ ਨਹੀਂ ਸੀ। ਅਖ਼ੀਰ ਮੈਂ ਆਪਣੇ ਦੋਸਤ ਦਾ ਅਣ-ਕਮਾਇਆ ਧਨ ਚੰਗੇ ਰਸਤੇ ਲਾਉਣ ਦੀ ਠਾਣੀ।

ਰਾਜਾ : ਹੁਣ ਉਹ ਮੁਰਸ਼ਦ ਕਿਥੇ ਹੈ ਜਿਸ ਨੇ ਤੈਨੂੰ ਨੇਕੀ ਦੇ ਰਸਤ ਪਾਇਆ ਹੈ ?

ਭੂਮੀਆ : ਕਾਮ-ਰੂਪ ਦਾ ਚੱਕਰ ਲਾ ਕੇ ਫਿਰ ਧਾਕੇ ਵਿਚ ਆ ਗਏ ਹਨ :

ਨੂਰਸ਼ਾਹ : ਹੈਂ, ਸੱਚਮੁਚ ! ਕੀ ਮੈਂ ਉਨ੍ਹਾਂ ਦਾ ਨਾਮ ਪੁੱਛ ਸਕਦੀ ਹਾਂ ?

ਭੂਮੀਆ : ਨਾਨਕ ਸ਼ਾਹ ਫ਼ਕੀਰ !



ਨੂਰਸ਼ਾਹ : (ਬੇਖ਼ੁਦ ਹੁੰਦੀ ਹੋਈ) ਧੰਨ ਗੁਰੂ ਨਾਨਕ ਦੇਵ ! ਜਿਸ ਨੇ ਮੇਰੇ ਵਰਗੀ ਪਾਪਣ-ਅਪਰਾਧਣ ਉਤੇ ਮਿਹਰ ਕੀਤੀ। ਮੈਨੂੰ ਮੂੜ ਅਵਸਥਾ ਤੋਂ ਧੂਹ ਕੱਢਿਆ (ਭੂਮੀਏ ਵਲ ਵਧਦੀ ਹੋਈ) ਸੱਜਨਾ, ਮੈਨੂੰ ਆਪਣੇ ਚਰਨਾਂ ਦੀ ਧੂੜ ਮੱਥੇ ਨੂੰ ਲਾ ਲੈਣ ਦੇ।

ਭੂਮੀਆ : (ਪਿਛੇ ਹਟਦਾ ਹੋਇਆ) ਦੇਵੀ, ਮੈਨੂੰ ਅਪਰਾਧੀ ਨਾ ਬਣਾ।

ਨੂਰਸ਼ਾਹ : ਮੇਰਾ ਮਨ ਉਨ੍ਹਾਂ ਦੇ ਦਰਸ਼ਨਾਂ ਲਈ ਵਿਆਕੁਲ ਹੈ। ਕਿੱਥੇ ਹਨ ਹੁਣ ਮਿਹਰਾਂ ਦੇ ਸਾਈਂ ?

ਭੂਮੀਆ : ਅੱਜ ਧਾਕੇ ਵਿਚ ਹੀ ਹਨ।

ਨੂਰਸ਼ਾਹ : ਸਚਮੁਚ ! (ਬੇਖ਼ੁਦ ਹੁੰਦੀ ਹੋਈ) :

"ਜੇ ਦੀਸੈ ਗੁਰਸਿਖੜਾ
ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ ॥"

ਭੂਮੀਆ : ਇਹ ਦੇਵੀ ਕੌਣ ਹੈ ?

ਰਾਜਾ : ਦੇਵੀ ਨੂਰਸ਼ਾਹ !

ਭੂਮੀਆ : (ਅਤੀ ਹੈਰਾਨੀ ਨਾਲ) ਹੈਂ ! ਦੇਵੀ ਨੂਰਸ਼ਾਹ !! ਇਸ ਹਾਲਤ ਵਿਚ !!!

ਨੂਰਸ਼ਾਹ : ਮੇਰਾ ਨਿਸਤਾਰਾ ਵੀ ਉਸੇ ਮਿਹਰਾਂ ਦੇ ਸਾਈਂ ਹੱਥੋਂ ਹੀ ਹੋਇਆ ਹੈ।

ਭੂਮੀਆ : ਦੇਵੀ, ਤੂੰ ਧੰਨ ਹੈਂ ! ਨਮਸਕਾਰ ਹੈ !!

ਰਾਜਾ : ਕਿਆ ਹੁਲੀਆ ਹੈ ਉਸ ਗੁਰੂ-ਪੀਰ ਦਾ। ਚੌਥੇ, ਸ਼ਿਕਾਰ ਤੋਂ ਮੁੜਦਿਆਂ ਮੈਂ ਵੀ ਇਕ ਫ਼ਕੀਰ ਤੇ ਉਸ ਦੇ ਸਾਥੀ ਨੂੰ ਦੂਰੋਂ ਦੇਖਿਆ ਸੀ।

ਭੂਮੀਆ : ਨਿਰਾਲੀ ਸ਼ਾਨ ਹੈ, ਉਸ ਔਲੀਏ ਦੀ ! ਖੁਲ੍ਹੀ ਦਾਹੜੀ ! ਸਫ਼ੇਦ ਚੋਲਾ ! ਨੂਰਾਨੀ ਚਿਹਰਾ ! ਹਸੂੰ ਹਸੂੰ ਕਰਦਾ ਮੁੱਖੜਾ। ਉਸ ਨਾਲ ਗੱਲਾਂ ਕਰਦਿਆਂ ਸੰਸੇ ਇਸ ਤਰ੍ਹਾਂ ਨਵਿਰਤ ਹੁੰਦੇ ਹਨ ਜਿਵੇਂ ਸੂਰਜ ਚੜ੍ਹਨ-ਸਾਰ ਧੁੰਧ ਮਿਟ ਜਾਂਦੀ ਹੈ।

ਨੂਰਸ਼ਾਹ : ਸੱਚੇ ਪਾਤਸ਼ਾਹ ਨਾਲ ਹੋਰ ਕੌਣ ਸੀ ?

ਭੂਮੀਆ : ਹੁਣ ਤਾਂ ਬਹੁਤ ਸੇਵਕ ਹਨ । ਉਸ ਸਮੇਂ ਤਾਂ ਕੇਵਲ ਭਾਈ ਮਰਦਾਨਾ ਹੀ ਸੀ ।

ਨੂਰਸ਼ਾਹ : ਮੇਰੀ ਮੁਕਤੀ ਦਾ ਸਾਧਨ ਵੀ ਮਰਦਾਨਾ ਜੀ ਹੀ ਬਣੇ । ਜੇ ਮੈਂ ਉਨ੍ਹਾਂ ਨੂੰ ਜਾਦੂ-ਟੂਣਿਆਂ ਨਾਲ ਕਾਬੂ ਨਾ ਕਰਦੀ ਤਾਂ ਮੇਰਾ ਉਧਾਰ ਕਿੱਥੋਂ ਹੋਣਾ ਸੀ ।

ਰਾਜਾ : (ਤਰਲੇ ਨਾਲ) ਕਿਆ ਮੇਰੇ ਭਾਗ ਨਹੀਂ ਜਾਗ ਸਕਦੇ ?

ਭੂਮੀਆ : ਕਿਉਂ ਨਹੀਂ ਦੋਸਤ ? ਜਿਸ ਗੁਰੂ ਨੇ ਮੇਰੇ ਵਰਗੇ ਚੋਰ, ਡਾਕੂ ਉਤੇ ਮਿਹਰ ਕੀਤੀ ਹੈ ਉਹ ਤੇਰੇ ਹਾਲ ਤੇ ਰਹਿਮ ਕਿਉਂ ਨਹੀਂ ਕਰੇਗਾ ।

ਰਾਜਾ : (ਹੱਥ ਫੜ ਕੇ) ਦੋਸਤ ! ਰਾਣੀ ਦੀ ਮੌਤ ਨੇ ਮੈਨੂੰ ਪਾਗਲ ਬਣਾ ਦਿੱਤਾ ਹੈ । ਮੈਂ ਰਾਜ-ਭਾਗ ਉਨ੍ਹਾਂ ਦੇ ਚਰਨਾਂ ਵਿਚ ਨਿਛਾਵਰ ਕਰਨ ਨੂੰ ਤਿਆਰ ਹਾਂ ।

ਨੂਰਸ਼ਾਹ : ਉਨ੍ਹਾਂ ਦੇ ਮੇਲ ਤੋਂ ਬਾਅਦ ਤੈਨੂੰ ਰਾਜ-ਭਾਗ ਤਿਆਗਣ ਦੀ ਲੋੜ ਨਹੀਂ ਰਹੇਗੀ ।

ਰਾਜਾ : ਹੈਂ ! ਐਸਾ ਵੀ ਧਰਮ ਹੈ ਜੋ ਗ੍ਰਿਹਸਤ ਵਿਚ ਰਹਿੰਦਿਆਂ ਮੁਕਤੀ ਦਾ ਰਾਹ ਦਸਦਾ ਹੈ ?

ਨੂਰਸ਼ਾਹ : ਹਾਂ, ਹੈ ! ਸਤਿਗੁਰੂ ਦਾ ਫਰਮਾਨ ਹੈ :

"ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥
ਹਸੰਦਿਆਂ ਖੇਲੰਦਿਆਂ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ ॥"

ਭੂਮੀਆ : ਦੇਵੀ ਜੀ, ਬਖ਼ਸ਼ਸ਼ ਤਾਂ ਅਸਲ ਵਿਚ ਮੇਰੇ ਉਤੇ ਹੋਈ ਹੈ । ਤੁਸੀਂ ਤਾਂ ਅੱਗੇ ਵੀ ਨੇਕ ਕੰਮ ਕਰਦੇ ਸਓ ।

ਨੂਰਸ਼ਾਹ : ਬਿਲਕੁਲ ਨਹੀਂ । ਮੈਂ ਸ਼ਕਤੀ ਦੀ ਉਪਾਸ਼ਕ ਸਾਂ । ਜੰਤਰਾਂ-ਮੰਤਰਾਂ ਵਿਚ ਵਿਸ਼ਵਾਸ ਰਖਦੀ ਸਾਂ । ਭੋਲੀ ਜਨਤਾ ਨੂੰ ਦਿਨ-ਰਾਤ ਕੁਰਾਹੇ ਪਾ ਰਹੀ ਸਾਂ । ਲੋਕਾਂ ਦੇ ਮਨਾਂ ਨੂੰ ਵਿਸ਼ੇ-ਵਾਸ਼ਨਾ ਨਾਲ ਭੜਕਾ ਰਹੀ ਸਾਂ ।

ਰਾਜਾ : (ਤਰਲੇ ਨਾਲ ਭੂਮੀਏ ਦਾ ਹੱਥ ਫੜ ਕੇ) ਦੋਸਤ, ਮੇਰਾ ਮਨ ਸਖ਼ਤ ਵਿਆਕੁਲ ਹੈ । ਮੈਨੂੰ ਛੇਤੀ ਉਨ੍ਹਾਂ ਪਾਸ ਲੈ ਚਲ ।



ਨੂਰਸ਼ਾਹ : ਰਾਜਨ, ਤੈਨੂੰ ਦੱਸ ਚੁੱਕੀ ਹਾਂ, ਸਿਦਕ ਧਾਰ, ਉਹ ਆਪ ਇੱਥੇ ਆਉਣਗੇ ।

ਭੂਮੀਆ : ਧਰਤ-ਲੁਕਾਈ ਸੋਧਣ ਲਈ ਹੀ ਤਾਂ ਉਹ ਪੰਜਾਬ ਤੋਂ ਆਏ ਨੇ ।

ਰਾਜਾ : ਤੁਹਾਨੂੰ ਕੋਈ ਕਾਹਲ ਨਹੀਂ, ਕਿਉਂਕਿ ਤੁਸੀਂ ਉੱਚ ਅਵਸਥਾ ਨੂੰ ਪੁੱਜ ਚੁੱਕੇ ਹੋ ।

ਨੂਰਸ਼ਾਹ : ਨਹੀਂ, ਮੈਂ ਤਾਂ ਆਪ ਦਰਸ਼ਨਾਂ ਲਈ ਤੜਪ ਰਹੀ ਹਾਂ ।

ਭੂਮੀਆ : ਮੇਰਾ ਖ਼ਿਆਲ ਹੈ ਕਿ ਉਹ ਕਿਤੇ ਨੇੜੇ-ਤੇੜੇ ਹੀ ਨੇ । ਠਹਿਰੋ ! ਆਹ ਸੁਣੋ, ਉਨ੍ਹਾਂ ਦਾ ਕੋਈ ਸ਼ਿਸ਼ ਗੁਰੂ ਦਾ ਸ਼ਬਦ ਗਾ ਰਿਹਾ ਹੈ :

"ਸੁਣਿ ਮਨ ਮਿਤ੍ਰ ਪਿਆਰਿਆ ਮਿਲੁ ਵੇਲਾ ਹੈ ਏਹ ।
ਜਬ ਲਗੁ ਜੋਬਨਿ ਸਾਸੁ ਹੈ ਤਬ ਲਗੁ ਇਹੁ ਤਨੁ ਦੇਹ ।
ਬਿਨੁ ਗੁਣ ਕਾਮਿ ਨ ਆਵਈ ਢਹਿ ਢੇਰੀ ਤਨੁ ਖੇਹ ।
ਮੇਰੇ ਮਨ ਲੈ ਲਾਹਾ ਘਰਿ ਜਾਹਿ ॥"

[ਭੂਮੀਆ ਗਲ ਵਿਚ ਪੱਲਾ ਪਾ ਕੇ ਸ਼ਬਦ ਸੁਣਦਾ ਹੈ । ਨੂਰਸ਼ਾਹ ਵੀ ਮਸਤੀ ਵਿਚ ਖੜੀ ਹੈ । ਰਾਜਾ ਉਨ੍ਹਾਂ ਵਲ ਦੇਖ ਕੇ ਪ੍ਰਭਾਵਤ ਹੁੰਦਾ ਹੈ ।]

ਭੂਮੀਆ : ਮੈਂ ਉਨ੍ਹਾਂ ਨੂੰ ਜਾ ਕੇ ਲਿਆਉਂਦਾ ਹਾਂ ।

ਨੂਰਸ਼ਾਹ : ਘੜੀ ਪਲ ਲਈ ਸਭ ਅੰਤਰ-ਧਿਆਨ ਹੋ ਜਾਓ । ਹੋਰ ਸ਼ਬਦ ਸੁਣ :

[ਦੂਰੋਂ ਸ਼ਬਦ ਸੁਣਾਈ ਦਿੰਦਾ ਹੈ । ਰਾਜਾ ਅੱਖਾਂ ਬੰਦ ਕਰ ਕੇ ਖੜਾ ਹੋ ਜਾਂਦਾ ਹੈ ।]

"ਸੁਣਿ ਮਨ ਭੂਲੇ ਬਾਵਰੇ ਗੁਰ ਕੀ ਚਰਣੀ ਲਾਗੁ ॥
ਹਰਿ ਜਪਿ ਨਾਮੁ ਧਿਆਇ ਤੂ ਜਮੁ ਡਰਪੈ ਦੁਖ ਭਾਗੁ ॥
... ... ... ... ... ... ..."

ਰਾਜਾ : (ਅੱਖਾਂ ਖੋਲ੍ਹ ਕੇ ਆਲੇ-ਦੁਆਲੇ ਦੇਖਦਾ ਹੋਇਆ) ਮੈਨੂੰ ਇਉਂ ਭਾਸਦਾ ਹੈ, ਮੇਰੀ ਜਾਦੂ-ਨਗਰੀ ਵਿਚੋਂ ਜਹਾਲਤ ਦੀ ਧੁੰਧ ਮਿਟਦੀ ਜਾ ਰਹੀ ਹੈ ਤੇ ਗਿਆਨ ਦਾ ਚਾਨਣ ਪਸਰ ਰਿਹਾ ਹੈ ।

[ਦੂਰੋਂ ਲੋਕਾਂ ਦੇ ਜੈਕਾਰਿਆਂ ਦੀ ਅਵਾਜ਼ ਗੂੰਜਦੀ ਹੈ :]

"ਗੁਰੂ ਨਾਨਕ ਦੇਵ ਦੀ ਜੈ !"

"ਨਾਨਕ ਨਿਰੰਕਾਰੀ ਦੀ ਜੈ !"

[ਸਾਹਮਣੇ ਖੜੇ ਸਭ ਲੋਕ ਅਪਾਰ ਉਤਸੁਕਤਾ ਨਾਲ ਉਧਰ ਵੇਖਦੇ ਹਨ, ਭੀੜ ਵਿਚੋਂ ਰੋਸ਼ਨੀ ਦਾ ਲਿਸ਼ਕਾਰਾ ਵਜਦਾ ਹੈ । ਸਾਰੇ ਸਿਰ ਝੁਕਾ ਦਿੰਦੇ ਹਨ ।]

ਪਰਦਾ